# 3

# ਮਸੀਹ, ਮੂਸਾ ਨਾਲੋਂ ਉੱਤਮ

## (3:1—19)

ਯਹੂਦੀ ਲੋਕ ਨਬੀਆਂ ਵਿਚ (1:1) ਅਤੇ ਸ਼ਰ੍ਹਾ ਵਿਚ ਜਿਹੜੀ ਫ਼ਰਿਸ਼ਤਿਆਂ ਦੇ ਰਾਹੀਂ ਦਿੱਤੀ ਗਈ ਸੀ (2:2) ਘਮੰਡ ਕਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਸਭ ਤੋਂ ਵੱਡਾ ਸ਼ਰ੍ਹਾ ਦਾ ਦੇਣ ਵਾਲਾ, ਮੂਸਾ ਦਿੱਤਾ ਗਿਆ ਸੀ। ਮੂਸਾ ਦੇ ਬਾਅਦ ਉਨ੍ਹਾਂ ਦੇ ਨਿਹਚਾ ਦੇ ਪ੍ਰਬੰਧ ਵਿਚ ਸਭ ਤੋਂ ਅਹਿਮ ਅਧਿਕਾਰੀ ਮਹਾਯਾਜਕ ਹੀ ਹੁੰਦਾ ਸੀ।

ਇਸ ਖ਼ਤ ਦਾ ਮਕਸਦ ਯਹੂਦੀ ਸੰਤਾਂ ਨੂੰ ਯਹੂਦੀਵਾਦ ਵਿਚ ਵਾਪਸ ਜਾਣ ਤੋਂ ਰੋਕਣਾ ਸੀ। ਉਸ ਦੇ ਮਨ ਵਿਚ ਨਬੀਆਂ, ਸ਼ਰ੍ਹਾ ਅਤੇ ਮੂਸਾ ਦੇ ਲਈ ਬਹੁਤ ਆਦਰ ਸੀ। ਇਸ ਕਾਰਣ ਲੇਖਕ ਲਈ ਇਹ ਵਿਖਾਉਣਾ ਜ਼ਰੂਰੀ ਸੀ ਕਿ ਮਸੀਹ, ਮੂਸਾ ਅਤੇ ਪਹਿਲੇ ਮਹਾਯਾਜਕ ਹਾਰੂਨ ਤੋਂ ਵੀ ਵੱਡਾ ਹੈ। ਜਿਸ ਕਾਰਣ ਇਬਰਾਨੀਆਂ 3:1—4:13 ਮਸੀਹ ਦੇ ਮੂਸਾ ਤੋਂ ਵੱਡਾ ਹੋਣ ਦੀ ਗੱਲ ਕਰਦਾ ਹੈ

### ਮਸੀਹ, ਰਸੂਲ ਅਤੇ ਮਹਾਯਾਜਕ (3:1-6)

3:1-6

1ਉਪਰੰਤ ਹੇ ਪਵਿੱਤਰ ਭਰਾਵੋ, ਸੁਰਗੀ ਸੱਦੇ ਦੇ ਭਾਈਵਾਲੋ, ਤੁਸੀਂ ਸਾਡੇ ਇਕਰਾਰ ਦੇ ਰਸੂਲ
ਅਤੇ ਪਰਧਾਨ ਜਾਜਕ ਯਿਸੂ ਵੱਲ ਧਿਆਨ ਕਰੋ। 2ਜਿਹੜਾ ਆਪਣੇ ਥਾਪਣ ਵਾਲੇ ਦੇ ਹੱਕ ਵਿਚ ਮਾਤਬਰ
ਸੀ ਜਿਵੇਂ ਮੂਸਾ ਉਹ ਦੇ ਸਾਰੇ ਘਰ ਵਿਚ ਸੀ। 3ਕਿਉਂ ਜੋ ਘਰ ਨਾਲੋਂ ਜਿੰਨਾ ਘਰ ਦਾ ਬਣਾਉਣ ਵਾਲਾ
ਆਦਰ ਦੇ ਜੋਗ ਹੁੰਦਾ ਹੈ ਓੱਨਾ ਹੀ ਉਹ ਵੀ ਮੂਸਾ ਨਾਲੋਂ ਵਧੀਕ ਆਦਰ ਦੇ ਜੋਗ ਹੈ। 4ਹਰੇਕ ਘਰ
ਤਾਂ ਕਿਸੇ ਨਾ ਕਿਸੇ ਦਾ ਬਣਾਇਆ ਹੋਇਆ ਹੁੰਦਾ ਹੈ ਪਰ ਜਿਹ ਨੇ ਸੱਭੋ ਕੁਝ ਬਣਾਇਆ ਉਹ ਪਰਮੇਸ਼ੁਰ
ਹੈ। 5ਅਤੇ ਮੂਸਾ ਤਾਂ ਉਹ ਦੇ ਸਾਰੇ ਘਰ ਵਿਚ ਨੌਕਰ ਦੀ ਨਿਆਈਂ ਮਾਤਬਰ ਸੀ ਭਈ ਹੋਣ ਵਾਲੀਆਂ
ਗੱਲਾਂ ਦੀ ਸਾਖੀ ਦੇਵੇ। 6ਪਰ ਮਸੀਹ ਪੁੱਤਰ ਦੀ ਨਿਆਈਂ ਉਹ ਦੇ ਘਰ ਉੱਤੇ ਹੈ, ਅਤੇ ਉਹ ਦਾ ਘਰ
ਅਸੀਂ ਹਾਂ ਜੇ ਅਸੀਂ ਆਸ ਦੀ ਦਿਲੇਰੀ ਅਰ ਅਭਮਾਨ ਅੰਤ ਤੋੜੀ ਫੜੀ ਰੱਖੀਏ।

ਆਇਤਾਂ 1 ਅਤੇ 2 ਵਿਚ ਲੇਖਕ ਦੀ ਚਰਚਾ ਦੀ ਮੁੱਖ ਗੱਲ ਨੂੰ ਦੱਸਦੀ ਇਕ ਹੋਰ ਖੋਜ ਹੈ। ਮੂਸਾ ਸਚਮੁਚ ਵਿਚ ਨਬੀ ਅਤੇ ਸੂਤਰਧਾਰ ਸੀ। ਉਹ ਨੇ ਇੱਥੋਂ ਤਕ ਨਬੂਵਤ ਕੀਤੀ ਕਿ ਉਸ ਦੀ ਥਾਂ ਇਕ ਹੋਰ ਨਬੀ ਲਵੇਗਾ (ਵਿਵਸਥਾਸਾਰ 18:15—18)। ਇਸ ਨਵੇਂ ''ਮੂਸਾ'' ਅਤੇ ਨਵੇਂ ''ਰਸੂਲ ਅਤੇ ਮਹਾਯਾਜਕ'' ਨੇ ਜਿਵੇਂ ਕਿ 2:17 ਵਿਚ ਦੱਸਿਆ ਗਿਆ ਹੈ, ''ਨਵਾਂਪਨ ਜਿਹੜਾ ਆ ਚੁੱਕਿਆ ਸੀ'' ਦਿੱਤਾ। ਸਾਫ਼ ਤੌਰ ਤੇ ਨਵੇ ਨੇਮ ਵਿਚ ਯਿਸੂ ਦੇ ਕੋਲ ਉਹ ਭੂਮਿਕਾਵਾਂ ਹਨ ਜਿਹੜੀਆਂ ਪੁਰਾਣੇ ਨੇਮ ਵਿਚ ਮੂਸਾ ਅਤੇ ਹਾਰੂਨ ਦੋਹਾਂ ਦੇ ਕੋਲ ਵੱਖ ਵੱਖ ਸਨ।[1]

**ਆਇਤ 1. ਹੇ ਪਵਿੱਤਰ ਭਰਾਵੋ** ਵਾਕ ਅੰਸ਼ ਦੀ ਵਰਤੋਂ ਨਵੇਂ ਨੇਮ ਵਿਚ ਸਿਰਫ਼ ਇੱਥੇ ਹੋਈ ਹੈ।[2] ਕੁਲੁੱਸੀਆਂ 1:2 ਵਿਚ ਪੌਲੁਸ ਨੇ ਇਸੇ ਤਰ੍ਹਾਂ ਦੇ ਵਾਕ ਅੰਸ਼ ਵਿਚ ''ਨਿਹਚਾਵਾਨ ਭਾਈ'' ਦੀ ਵਰਤੋਂ ਕੀਤੀ, ਪਰ ''ਪਵਿੱਤਰ ਭਰਾਵੋ'' ਵਿਲੱਖਣ ਹੈ। ਸਾਨੂੰ ''ਭਰਾਵਾਂ'' ਨਾਲ ਮਸੀਹ ਨਾਲ ਆਪਣੇ ਸਬੰਧ

ਕਰਕੇ ''ਪਵਿੱਤਰ'' ਹੋਣ ਦੀ ਉਮੀਦ ਕਰਨੀ ਚਾਹੀਦੀ ਹੈ (ਗਲਾਤੀਆਂ 3:26, 27)। ''ਪਵਿੱਤਰ'' ਅਤੇ ''ਸੰਤ'' ਯੂਨਾਨੀ ਭਾਸ਼ਾ ਵਿਚ ਇਕ ਹੀ ਮੂਲ ਸ਼ਬਦ ਦੇ ਅਨੁਵਾਦ ਹਨ ਜਿਸ ਵਿਚ *hagios* ਨਾਉਂ ਅਤੇ *hagiazō* ਕਿਰਿਆ ਸ਼ਬਦ ਹਨ। ਇਸ ਸ਼ਬਦ ਦਾ ਅਰਥ ''ਵੱਖ ਕੀਤਾ ਹੋਇਆ,'' ਖ਼ੁਦਾ ਨੂੰ ਭੇਂਟ ਹੈ। ਲੇਖਕ ਪੁਰਾਣੇ ਨੇਮ ਵਿਚ ''ਪਵਿੱਤਰ ਕੌਮ'' ਦੀ ਧਾਰਣਾ ਦਾ ਸਪੱਸ਼ਟ ਹਵਾਲਾ ਦੇ ਰਿਹਾ ਸੀ (ਕੂਚ 19:6; 1 ਪਤਰਸ 2:9)। ''ਪਵਿੱਤਰ ਲੋਕ'' ਪਦਨਾਮ ਦੀ ਵਰਤੋਂ ਪੁਰਾਣੇ ਨੇਮ ਵਿਚ ਅੱਠ ਵਾਰ ਹੋਈ ਹੈ। ਵਿਵਸਥਾਸਾਰ 7:6 ਵਿਚ ਅਸੀਂ ਇਸ ਨੂੰ ਪਹਿਲੀ ਵਾਰ ਵੇਖਦੇ ਹਾਂ ਅਤੇ ਦਾਨੀਏਲ 12:7 ਵਿਚ ਸਾਨੂੰ ਇਹ ਅਖ਼ੀਰਲੀ ਵਾਰ ਮਿਲਦਾ ਹੈ। ਮਸੀਹੀ ਲੋਕ ਸਚਮੁਚ ਵਿਚ ''ਪਰਮੇਸ਼ੁਰ ਦੇ ਪਵਿੱਤਰ'' ਭਾਵ ਵੱਖ ਕੀਤੇ ਹੋਏ ਲੋਕ (*hagioi*) ਹੈ।

ਅਸੀਂ **ਸੁਰਗੀ ਸੱਦੇ ਦੇ ਭਾਈਵਾਲ** ਹਾਂ, ਜਿਹੜੇ ਤਦ ਬਣਦੇ ਹਨ ਜਦ ਅਸੀਂ ਮਸੀਹ ਨੂੰ ਅਪਣਾ ਕੇ ਉਸ ਵਿਚ ਵੱਧਣ ਲੱਗਦੇ ਹਾਂ ਜਿਸ ਵਿਚ ''ਪਰਮੇਸ਼ੁਰ ਦੀ ਵੱਲੋਂ *[ਸਾਨੂੰ]* ਮਸੀਹ ਯਿਸੂ ਵਿਚ'' ਬੁਲਾਇਆ ਹੈ (ਫ਼ਿਲਿੱਪੀਆਂ 3:14)। ਇੱਥੋਂ ਦੇ ਇਲਾਵਾ ''ਸੱਦੇ'' ਸ਼ਬਦ ਦੀ ਵਰਤੋਂ ਪੌਲੁਸ ਵੱਲੋਂ ਅੱਠ ਵਾਰ ਅਤੇ ਪਤਰਸ ਵਲੋਂ ਇਕ ਵਾਰ ਕੀਤੀ ਗਈ ਸੀ; ਨਵੇਂ ਨੇਮ ਵਿਚ ਸਾਨੂੰ ਹੋਰ ਕਿਤੇ ਨਹੀਂ ਮਿਲਦਾ। ਸਾਡਾ ਸੱਦਾ ''ਸੁਰਗੀ'' ਹੈ। ਵਿਸ਼ੇਸ਼ਣ ਸ਼ਬਦ ''ਸੁਰਗੀ'' ਇਬਰਾਨੀਆਂ ਦੀ ਕਿਤਾਬ ਵਿਚ ਛੇ ਵਾਰ ਮਿਲਦਾ ਹੈ (6:4; 8:5; 9:23; 11:16; 12:22)। ਸਾਨੂੰ ਸਾਡੇ ''ਸੱਦੇ'' ਦੇ ਲਈ ਵਰਤਿਆ ਗਿਆ ਹੈ ਕਿਉਂਕਿ ਇਹ ਸਾਨੂੰ ''ਸੁਰਗੀ ਯਰੂਸ਼ਲਮ'' (12:22) ਅਤੇ ਸੁਰਗੀ ਅਤੇ ਨਗਰੀ (11:16) ਵਿਚ ਲੈ ਜਾਂਦਾ ਹੈ ਜਿਵੇਂ ਅਬਰਾਹਮ ਦੀ ਬੁਲਾਹਟ ਉਹ ਨੂੰ ਲੈ ਗਈ।

ਨਾਮ **ਯਿਸੂ** ਦਾ ਵਰਣਨ ਇਬਰਾਨੀਆਂ 3:1 ਵਿਚ ਦੂਜੀ ਵਾਰ ਹੋਇਆ ਹੈ। ਉਸ ਦਾ ਨਾਂਅ ਲੇਖਕ ਲਈ ਮੁੱਖ ਸ਼ਬਦ ਸੀ। ਇਸੇ ਲਈ ਇਹ ਖ਼ਤ ਵਿਚ ਚੌਦਾਂਹ ਵਾਰ ਮਿਲਦਾ ਹੈ। ਇੱਥੇ ਇਸ ਦਾ ਹੋਣਾ ਇਬਰਾਨੀਆਂ ਦੇ ਉਸ ਦੇ ਮਨੁੱਖ ਹੋਣ ਦੀ ਪਹਿਲ ਤੇ ਜ਼ੋਰ ਦੇਣ ਉੱਤੇ ਮਿਲਦਾ ਹੈ ਤਾਂ ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਪਤਾ ਚੱਲ ਜਾਵੇ ਕਿ ਉਹ ਸਰੀਰ ਵਿਚ ਓਨ੍ਹਾਂ ਵਿੱਚੋਂ ਇਕ ਸੀ।

**ਰਸੂਲ** ਦੇ ਲਈ ਯੂਨਾਨੀ ਸ਼ਬਦ *apostolos* ਦਾ ਅਰਥ ''ਭੇਜਿਆ ਹੋਇਆ'' ਹੈ। ਨਵੇਂ ਨੇਮ ਵਿਚ ਖ਼ਾਸ ਕਰਕੇ ਇਸ ਦੀ ਵਰਤੋਂ ''ਖ਼ੁਦਾ ਦੇ ਰਾਜਦੂਤਾਂ ਦੇ ਰੂਪ ਵਿਚ ਕੋਈ ਖ਼ਾਸ ਕੰਮ ਦੇ ਕੇ ਬਹੁਤ ਜ਼ਿਆਦਾ ਸਨਮਾਨਤ ਵਿਸ਼ਵਾਸੀਆਂ ਦਾ ਇਕ ਸਮੂਹ'' ਨੂੰ ਆਖਿਆ ਗਿਆ ਹੈ।[3] ਨਵੇਂ ਨਮੇ ਵਿਚ ਇਸ ਸ਼ਬਦ ਦੀ ਵਰਤੋਂ ਕਈ ਵਾਰ ਹੋਈ ਹੈ ਪਰ ਕਿਤੇ ਵੀ ਮਸੀਹ ਨੂੰ ''ਰਸੂਲ'' ਨਹੀਂ ਆਖਿਆ ਗਿਆ ਹੈ।

ਕਿਰਿਆ ਸ਼ਬਦ *apostellō* ਆਮ ਤੌਰ ਤੇ ਯਿਸੂ ਲਈ ਲਾਗੂ ਹੁੰਦਾ ਹੈ। ਇਹ ਇਕ ਆਮ ਸ਼ਬਦ ਹੈ ਜਿਹੜਾ ਨਵੇਂ ਨਮੇ ਵਿਚ ਇਕ ਸੌ ਤੋਂ ਜ਼ਿਆਦਾ ਵਾਰ ਮਿਲਦਾ ਹੈ। *Apostellō* ਦੀ ਮਸੀਹ ਲਈ ਪਹਿਲੀ ਵਾਰ ਵਰਤੋਂ ਮੱਤੀ 15:24 ਵਿਚ ਹੋਈ ਹੈ।

ਮੂਸਾ ਅਤੇ ਯਿਸੂ ਦੋਹਾਂ ਨੂੰ ਖ਼ੁਦਾ ਵੱਲੋਂ ਖ਼ਾਸ ਮਿਸ਼ਨਾਂ ਤੇ ਭੇਜਿਆ ਗਿਆ ਸੀ (ਕੂਚ 3:10), ਜਿਸ ਕਾਰਣ ਦੋਹਾਂ ਨੂੰ ਹੀ ਖ਼ੁਦਾ ਦੇ ਰਸੂਲ ਆਖਿਆ ਗਿਆ ਹੈ।[4] ਇੰਜੀਲ ਦਾ ਯੂਹੰਨਾ ਦਾ ਵਿਰਤਾਂਤ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਯੂਹੰਨਾ ਡੁਬਕੀ ਦੇਣ ਵਾਲੇ ਅਤੇ ਯਿਸੂ ਨੂੰ ਖ਼ੁਦਾ ਵੱਲੋਂ ''ਘੱਲਿਆ'' ਗਿਆ ਸੀ (3:34; 5:24, 36, 37; 6:29; 10:36; 11:42; 17:3; 1 ਯੂਹੰਨਾ 4:10 ਵੀ ਵੇਖੋ)। ਰਸੂਲਾਂ ਨੂੰ ਮਸੀਹ ਵੱਲੋਂ ਓਸੇ ਤਰ੍ਹਾਂ ਘੱਲਿਆ ਗਿਆ ਸੀ ਜਿਵੇਂ ਮਸੀਹ ਨੂੰ ਖ਼ੁਦਾ ਵੱਲੋਂ ਘੱਲਿਆ ਗਿਆ ਸੀ (ਯੂਹੰਨਾ 17:18; 20:21)।

''ਰਸੂਲ'' ਸ਼ਬਦ ਦਾ ਮੂਲ ਅਰਥ ''ਦੂਤ'' ਹੈ। ਯਿਸੂ ਅਸਲ ਵਿਚ ਖ਼ੁਦਾ ਵੱਲੋਂ ਸਾਡੇ ਲਈ ਦੂਤ ਸੀ। *Apostolos* 2 ਕੁਰਿੰਥੀਆਂ 8:23 ਅਤੇ ਫ਼ਿਲਿੱਪੀਆਂ 2:25 ਵਿਚ ਕਲੀਸੀਆ ਦੇ ਦੂਤਾਂ ਲਈ ਵਰਤਿਆ ਗਿਆ ਹੈ। ਸ਼ਬਦ ਦਾ ਵਿਚਾਰ ਇਕ ''ਰਾਜਦੂਤ'' ਦਾ ਹੈ ਜਿਹੜਾ ਕਿਸੇ ਸਰਕਾਰ ਦੀ ਨੁਮਾਂਦਗੀ ਕਰਦਾ ਹੈ ਅਤੇ ਉਸ ਨੂੰ ਉਸ ਦੇ ਲਈ ਕੰਮ ਕਰਨ ਦਾ ਅਧਿਕਾਰ ਹੁੰਦਾ ਹੈ। ਮੂਲ ਵਿਚਾਰ

''ਮਿਸ਼ਨਰੀ'' ਸ਼ਬਦ ਵਿਚ ਪਾਏ ਜਾਣ ਵਾਲੇ ਸ਼ਬਦ ਨਾਲ ਮਿਲਦਾ ਹੈ ਜਿਸ ਨੂੰ ਕੋਈ ਮਿਸ਼ਨ ਦੇ ਕੇ ਭੇਜਿਆ ਗਿਆ ਹੋਵੇ। ਸਾਹਿੱਤਕ ਯੂਨਾਨੀ ਭਾਸ਼ਾ ਵਿਚ ਇਸ ਸ਼ਬਦ ਦੀ ਵਰਤੋਂ ਯੁੱਧ ਵਿਚ ਜਾਣ ਲਈ ਫੌਜਾਂ ਲਈ ਜਾਂ ਫੌਜਾਂ ਦੇ ਕਪਤਾਨ ਲਈ ਕੀਤੀ ਜਾਂਦੀ ਸੀ।

ਨਵੇਂ ਨੇਮ ਵਿਚ ਇਸ ਸ਼ਬਦ ਦੀ ਪਹਿਲੀ ਵਾਰ ਵਰਤੋਂ ਬਾਰਾਂ ਰਸੂਲਾਂ ਦੇ ਲਈ ਹੋਈ (ਮੱਤੀ 10:2–5), ਪਰ ਇਸ ਦੀ ਵਰਤੋਂ ਕਲੀਸੀਆ ਵੱਲੋਂ ਚੁਣੇ ਗਏ ਦੂਤਾਂ ਜਾਂ ਮਿਸ਼ਨਰੀਆਂ ਦੇ ਲਈ ਵੀ ਹੋਈ, ਜਿਵੇਂ ਬਰਨਬਾਸ (ਰਸੂਲਾਂ ਦੇ ਕੰਮ 14:4, 14)। ਇਹ ਸ਼ਬਦ ਆਪਣੇ ਆਪ ਵਿਚ ''ਜਿਸ ਨੂੰ ਇਖ਼ਤਿਆਰ ਦਿੱਤਾ ਗਿਆ ਹੈ'' ਦਾ ਵਿਚਾਰ ਲੈਂਦਾ ਹੈ।

ਬਾਰ੍ਹਾਂ ਨੂੰ ਪੂਰਾ ਇਖ਼ਤਿਆਰ ਦੇਣ ਦੀ ਗੱਲ ਤਦ ਆਈ ਜਦ ਰਸੂਲਾਂ ਦੇ ਕੰਮ 2:1–4 ਵਿਚ ਪਵਿੱਤਰ ਆਤਮਾ ਦੀ ਸ਼ਕਤੀ ਉਨ੍ਹਾਂ ਉੱਤੇ ਦਿੱਤੀ ਗਈ। ਇਸ ਕਾਰਣ ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਉਡੀਕ ਕਰਨ ਦੀ ਆਗਿਆ ਦਿੱਤੀ ਗਈ (ਲੂਕਾ 24:49; ਰਸੂਲਾਂ ਦੇ ਕੰਮ 1:8)। ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਦੇ ਬਾਅਦ ਮੋਅਜਜ਼ੇ ਕਰਨ ਦੀ ਸ਼ਕਤੀ ਦੇ ਨਾਲ ਉਹ ਪੂਰੀ ਤਰ੍ਹਾਂ ਨਾਲ ਪ੍ਰਚਾਰ ਕਰਨ ਦੇ ਯੋਗ ਹੋ ਗਏ ਸਨ। ਉਨ੍ਹਾਂ ਦਾ ਇਖ਼ਤਿਆਰ ਅੰਤਮ ਅਤੇ ਸੰਪੂਰਣ ਰੂਪ ਵਿਚ ਯਰੂਸ਼ਲਮ ਅਤੇ ਕਲੀਸੀਆ ਦੇ ਉੱਤੇ ਵਿਖਾਈ ਦਿੱਤਾ ਸੀ ਜਿਵੇਂ ਕਿ ਹਨੰਨਯਾਹ ਅਤੇ ਸਫ਼ੀਰਾ ਦੀ ਮੌਤ ਦੇ ਬਾਰੇ ਵਿਚ ਪੜ੍ਹਨ ਤੇ ਪਤਾ ਲਗਦਾ ਹੈ (ਰਸੂਲਾਂ ਦੇ ਕੰਮ 5:1–11)। ਉਹ ਹੈਰਾਨ ਕਰਨ ਵਾਲੀ ਘੱਟਨਾ ਤਦ ਹੋਈ ਜਦ ਧਨ ਰਸੂਲਾਂ ਕੋਲ ਲਿਆਇਆ ਜਾ ਰਿਹਾ ਸੀ। ਹੋਰ ਮੋਅਜਜ਼ਿਆਂ ਦੇ ਨਾਲ ਇਸ ਘੱਟਨਾ (ਰਸੂਲਾਂ ਦੇ ਕੰਮ 5:12) ਨਾਲ ਕੁਝ ਲੋਕਾਂ ਦੇ ਮਨਾਂ ਵਿਚ ਡਰ ਬਹਿ ਗਿਆ, ਇੱਥੋਂ ਤਕ ਕਿ ਉਹ ਰਸੂਲਾਂ ਦੇ ਨਾਲ ਨਜ਼ਦੀਕੀ ਬਣਾਉਣ ਤੋਂ ਵੀ ਬਚਣ ਲੱਗੇ। ਪਰ ਇਸ ਡਰ ਨੇ (5:13) ਕਲੀਸੀਆ ਦੀ ਕਾਮਯਾਬੀ ਵਿਚ ਦਖ਼ਲਅੰਦਾਜ਼ੀ ਨਹੀਂ ਕੀਤੀ (5:14)। ਇਸ ਦੇ ਉਲਟ ਸਾਨੂੰ ਇਹ ਸਾਫ਼ ਹੋ ਜਾਣਾ ਚਾਹੀਦਾ ਹੈ ਕਿ ਰਸੂਲ ਅਤੇ ਉਨ੍ਹਾਂ ਦੇ ਇਖ਼ਤਿਆਰ ਲਈ ਸਚਮੁਚ ਦਾ ਅਧਾਰ ਕਲੀਸੀਆ ਦੀ ਅਸਲ ਕਾਮਯਾਬੀ ਲਈ ਜ਼ਰੂਰੀ ਹੈ।

ਅੱਜ ਕੋਈ ਨਵਾਂ ਰਸੂਲ ਨਹੀਂ ਹੈ ਕਿਉਂਕਿ ਅੱਜ ਵੀ ਪ੍ਰੇਰਣਾ ਰਾਹੀਂ ਕੀਤੇ ਗਏ ਆਪਣੇ ਵਚਨਾਂ ਵਿਚ ਉਹ ਪੂਰੇ ਇਖ਼ਤਿਆਰ ਦੇ ਨਾਲ ਸਾਡੇ ਨਾਲ ਨਾਲ ਰਹਿੰਦੇ ਹਨ। ਰਸੂਲਾਂ ਨੂੰ ਦਿੱਤੀ ਗਈ ਮਦਦ ਦਾ ਵਾਅਦਾ ਉਨ੍ਹਾਂ ਨੂੰ ਆਤਮਾ ਵੱਲੋਂ ਦਿੱਤੀ ਜਾਣੀ ਸੀ, ਜਿਵੇਂ ਕਿ ਯੂਹੰਨਾ 14–17 ਵਿਚ ਦੱਸਿਆ ਗਿਆ ਹੈ। ਕੁਝ ਲੋਕ ਦਾਅਵਾ ਕਰਦੇ ਹਨ ਕਿ ਉਹ ਵਾਅਦੇ (ਸਚਿਆਈ ਨਾਲ ਮੁਕਾਸ਼ਫ਼ਾ ਪਾਉਣਾ, ਉਹ ਸਭ ਗੱਲਾਂ ਯਾਦ ਕਰਨਾ ਜਿਹੜੀਆਂ ਯਿਸੂ ਨੇ ਦੱਸੀਆਂ ਸਨ, ਅਤੇ ਭਵਿੱਖ ਦੀਆਂ ਘੱਟਨਾਵਾਂ ਦਾ ਗਿਆਨ ਪਾਉਣਾ; ਯੂਹੰਨਾ 14:26; 16:13) ਅੱਜ ਸਾਡੇ ਲਈ ਵੀ ਹਨ। ਪਰ ਸਾਫ਼ ਤੌਰ ਤੇ ਅੱਜ ਮਸੀਹੀ ਲੋਕਾਂ ਦੇ ਲਈ ਅਜਿਹੀ ਸ਼ਕਤੀ ਦਾ ਵਾਅਦਾ ਨਹੀਂ ਕੀਤਾ ਗਿਆ ਹੈ। ਜੇ ਕੀਤਾ ਗਿਆ ਹੁੰਦਾ ਤਾਂ ਅਸੀਂ ਪਵਿੱਤਰ ਆਤਮਾ ਦੇ ਨਵੇਂ ਸਫ਼ੇ ਲਿਖ ਸਕਦੇ ਸਾਂ।

ਯਿਸੂ ਖ਼ੁਦਾ ਦੀ ਇੱਛਾ ਪੂਰੀ ਕਰਨ ਅਤੇ ਯਿਸੂ ਦੀ ਨਵੀਂ ਸਭਾ, ਕਲੀਸੀਆ ਨੂੰ ਬਣਾਉਣ ਦੇ ਲਈ ਮਨੁੱਖਾਂ ਦੇ ਲਈ ਉਸ ਦਾ ''ਦੂਤ'' ਹੈ। ਇਹ ਕੰਮ ਉਸ ਨੇ ਰਸੂਲਾਂ ਦੇ ਰਾਹੀਂ ਕੀਤਾ, ਜਿਵੇਂ ਪਵਿੱਤਰ ਆਤਮਾ ਦੇ ਰਾਹੀਂ ਪ੍ਰੇਰਣਾ ਦਿੱਤੀ ਗਈ। ਇਨ੍ਹਾਂ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਮੂਸਾ ਜਾਂ ਕਿਸੇ ਵੀ ਹੋਰ ਨਾਲੋਂ ਵੱਡਾ ਰਸੂਲ ਹੈ।

ਰਸੂਲ ਨੇ ਸਾਡੇ **ਇਕਰਾਰ** ਦੀ ਗੱਲ ਕੀਤੀ। ''ਇਕਰਾਰ'' (*homologia*) ਨਿਹਚਾ ਦੀ ਮਿਲਦੀ ਜੁਲਦੀ ਗੱਲ ਲਈ ਆਖਿਆ ਗਿਆ ਹੋ ਸਕਦਾ ਹੈ। ਪੁਰਾਣੇ ਨੇਮ ਦੇ ਹੇਠ ਇਸ ਸ਼ਬਦ ਦਾ ਅਰਥ ਸ਼ਰ੍ਹਾ ਦੇ ਪ੍ਰਤੀ ਇਮਾਨਦਾਰੀ ਵਿਖਾਉਣਾ ਸੀ (ਕੂਚ 24:3; LXX)। ਨਵੇਂ ਨੇਮ ਦੇ ਹੇਠ ਅਸੀਂ ''ਚੰਗੀ ਲੜਾਈ'' ਨੂੰ ਜਿਸ ਨੂੰ ਤਿਮੋਥਿਉਸ ਨੇ ''ਬਹੁਤਿਆਂ ਗਵਾਹਾਂ ਦੇ ਅੱਗੇ'' ਕੀਤਾ ਸੀ, ਮੰਨਦੇ ਹਾਂ (1 ਤਿਮੋਥਿਉਸ 6:12)। ਪੌਲੁਸ ਨੇ ''ਕਰਾਰ'' ਨੂੰ ਪਿਲਾਤੁਸ ਦੇ ਸਾਹਮਣੇ ਯਿਸੂ ਵੱਲੋਂ ਮੰਨਣ

ਦੇ ਨਾਲ ਮਿਲਾਇਆ (1 ਤਿਮੋਥਿਉਸ 6:13)। ਇਸ ਕਾਫ਼ਰ ਹਾਕਿਮ ਦੇ ਸਾਹਮਣੇ ਪ੍ਰਭੂ ਨੇ ਆਖਿਆ ਕਿ ਉਹ ਰਾਜਾ ਹੈ ਅਤੇ ਉਸ ਦਾ ਰਾਜ ਸਚਿਆਈ ਦੇ ਰੂਹਾਨੀ ਖੇਤਰ ਵਿਚ ਹੈ (ਯੂਹੰਨਾ 18:36, 37)। ਗਵਾਹੀ ਦੇਣ ਦੇ ਲਈ ਜਿਵੇਂ ਤਿਮੋਥਿਉਸ ਨੇ ਦਿੱਤੀ, ''ਇਕਰਾਰ'' ਕਰਨਾ ਜ਼ਰੂਰੀ ਹੈ, ਜਿਸ ਵਿਚ ਯਿਸੂ ਦਾ ਇਕਰਾਰ ਕਰਨ ਵਾਲੇ ਦੇ ਜੀਵਨ ਦੇ ਪ੍ਰਭੂ ਦੇ ਰੂਪ ਵਿਚ ਮੰਨਿਆ ਜਾਵੇ। ਇਹ ਕਹਿਣ ਦਾ ਕਿ ''ਮੈਂ ਨਿਹਚਾ ਕਰਦਾ ਹਾਂ ਕਿ ਯਿਸੂ ਮਸੀਹ ਖ਼ੁਦਾ ਦਾ ਪੁੱਤਰ ਹੈ'' (ਰਸੂਲਾਂ ਦੇ ਕੰਮ 8:37) ਅਰਥ ਇਸ ਤੱਥ ਨੂੰ ਮੰਨ ਲੈਂਦਾ ਹੈ। ਇਹ ''ਯਿਸੂ ਪ੍ਰਭੂ *[ਹੈ]*'' (ਰੋਮੀਆਂ 10:9, 10) ਕਹਿਣ ਵਰਗਾ ਹੀ ਹੈ। ਸੱਚੇ ਮਨ ਨਾਲ ਇਹ ਗੱਲ ਕਹਿਣ ਦਾ ਅਰਥ ''ਚੰਗਾ ਇਕਰਾਰ'' ਕਰਨਾ ਹੈ; ਇਸ ਸਚਿਆਈ ਨੂੰ ਨਜ਼ਰਅੰਦਾਜ਼ ਕਰਨ ਦਾ ਅਰਥ ਮਸੀਹ ਦਾ ਇਨਕਾਰ ਕਰਨਾ ਹੈ, ਜਿਹੜਾ ਉਸ ਦੇ ਵੱਲੋਂ ਸਾਡੇ ਇਨਕਾਰ ਦਾ ਕਾਰਣ ਬਣੇਗਾ (ਮੱਤੀ 10:32, 33)।

''ਅੰਗੀਕਾਰ'' ਦੇ ਲਈ ਇਹ ਸ਼ਬਦ 1 ਤਿਮੋਥਿਉਸ 6:12 ਵਿਚ ਵੀ ਮਿਲਦਾ ਹੈ, ਪਰ ਇੱਥੇ ਇਸ ਦੇ ਨਾਲ ਉਪਪਦ ਹੈ ਅਤੇ ਇਸ ਦਾ ਅਨੁਵਾਦ ਅੰਗ੍ਰੇਜ਼ੀ ਭਾਸ਼ਾ ਵਿਚ ''*ਦ ਗੁਡ ਕਨਫ਼ੈਸ਼ਨ*'' ਕੀਤਾ ਗਿਆ ਹੈ। ਜਦ ਅਸੀਂ ਮਸੀਹੀ ਨੂੰ ਆਪਣੇ ਪ੍ਰਭੂ ਦੇ ਰੂਪ ਵਿਚ ਮੰਨ ਲੈਂਦੇ ਹਾਂ ਤਾਂ ਉਹ ਸਾਡਾ **ਪਰਧਾਨ ਜਾਜਕ** ਬਣ ਜਾਂਦਾ ਹੈ। ਮਸੀਹ ਵਿਚ ਮਨਬਦਲੀ ਨੂੰ ''ਇਕਰਾਰ'' ਆਖਿਆ ਜਾਂਦਾ ਹੈ ਕਿਉਂਕਿ ਮਸੀਹੀ ਜ਼ਿੰਦਗੀ ਸ਼ੁਰੂ ਕਰਨ ਵਿਚ ਇਹ ਜ਼ਰੂਰੀ ਕਦਮ ਹੈ। 1 ਤਿਮੋਥਿਉਸ 6:12, 13 ਅਤੇ ਮੱਤੀ 16:16–18 ''ਪੱਕਾ ਕਰਾਰ'' ਕੀਤੇ ਜਾਣ ਦੇ ਉਦਾਹਰਣ ਦਿੰਦੇ ਹਨ। ਰੋਮੀਆਂ ਦੇ ਨਾਂਅ ਆਪਣੇ ਖ਼ਤ ਵਿਚ ਪੌਲੁਸ ਨੇ ਆਖਿਆ ਕਿ ਮੁਕਤੀ ਪਾਉਣ ਲਈ ਇੰਜ ਮੰਨਣਾ ਜ਼ਰੂਰੀ ਹੈ (10:9, 10)। ਸਾਨੂੰ ਯਿਸੂ ਨੂੰ ਪ੍ਰਭੂ, ਭਾਵ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਪਛਾਣਨਾ ਜ਼ਰੂਰੀ ਹੈ। ਜੇ ਕੋਈ ਸਿਰਫ਼ ਨਿਹਚਾ ਦੇ ਰਾਹੀਂ ਮੁਕਤੀ ਪਾ ਸਕਦਾ ਤਾਂ ਇਕਰਾਰ ਕਰਨ ਦੀ ਕੋਈ ਜ਼ਰੂਰਤ ਨਹੀਂ ਹੋਣੀ ਸੀ।

ਮੱਤੀ 10:32 ਵਾਲਾ ''ਇਕਰਾਰ'' ਇਕ ਲਗਾਤਾਰ ਕਿਰਿਆ ਹੈ, ਇਸ ਕਾਰਣ ਇਹ ਸਿਰਫ਼ ਇੰਜੀਲ ਦੇ ਹੁਕਮ ਮੰਨਣ ਵਿਚ ਕੀਤੇ ਜਾਣ ਵਾਲੇ ਨਿਹਚਾ ਦੀ ਗੱਲ ਹੀ ਨਹੀਂ ਹੈ। ਹਰ ਮਸੀਹੀ ਦੇ ਲਈ ''ਇਕਰਾਰ'' ਵਾਲੇ ਜੀਵਨ ਦੇ ਰਾਹੀਂ ਹਰ ਦਿਨ ਇਹ ਵਿਖਾਉਂਦੇ ਰਹਿਣਾ ਜ਼ਰੂਰੀ ਹੈ ਕਿ ਉਹ ਖ਼ੁਦਾ ਦੀ ਸੰਤਾਨ ਹੈ। ਇਬਰਾਨੀਆਂ 4:14 ਅਤੇ 10:23 ਨੂੰ ਧਿਆਨ ਨਾਲ ਪੜ੍ਹ ਕੇ ਮਸੀਹ ਨੂੰ ਪ੍ਰਭੂ ਮੰਨਣ ਅਤੇ ਮੰਨਦੇ ਰਹਿਣ ਦੇ ਕੰਮ ਦੀਆਂ ਦੋ ਗੱਲਾਂ ਆਉਂਦੀਆਂ ਹਨ। 2 ਕੁਰਿੰਥੀਆਂ 9:13 ''ਕਰਾਰ ਵਿਚ ਅਧੀਨ'' ਰਹਿਣ ਦੀ ਗੱਲ ਕਰਦਾ ਹੈ ਜਿਸ ਦਾ ਅਰਥ ਹੈ ਕਿ ਸਾਡੀ ਜ਼ਿੰਦਗੀ ਉਸ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ ਜਿਸ ਨਿਹਚਾ ਦਾ ਅਸੀਂ ਦਾਅਵਾ ਕਰਦੇ ਹਾਂ। ਮਕਦੂਨੀਆ ਦੇ ਲੋਕਾਂ ਨੇ ਇਹੀ ਕੀਤਾ ਸੀ (2 ਕੁਰਿੰਥੀਆਂ 8:1–5), ਅਤੇ ਕੁਰਿੰਥੀਆਂ ਨੂੰ ਲੋੜਮੰਦਾਂ ਨੂੰ ਦਿਆਲਗੀ ਨਾਲ ਦੇ ਕੇ ਇਸੇ ਤਰ੍ਹਾਂ ਕਰਨ ਦੀ ਬੇਨਤੀ ਕੀਤੀ ਗਈ ਸੀ।

**ਆਇਤ 2.** NASB ਅਤੇ ਪੰਜਾਬੀ ਅਨੁਵਾਦ (ਅਨੁਵਾਦਕ) ਵਿਚ ਆਖਿਆ ਗਿਆ ਹੈ ਕਿ **ਮਾਤਬਰ ਸੀ;** ਪਰ ਮੂਲ ਯੂਨਾਨੀ ਸ਼ਬਦ ਵਿਚ ਵਰਤਮਾਨ ਕਾਲ ਦੀ ਵਰਤੋਂ ਕਰਦੇ ਹੋਏ, ਜਿਸ ਦਾ ਅਰਥ ''ਯਿਸੂ ਵਫ਼ਾਦਾਰ ਹੈ।'' ''ਵਫ਼ਾਦਾਰ'' ਇਕ ਹੋਰ ਮੁੱਖ ਸ਼ਬਦ ਹੈ ਜਿਸ ਦੀ ਵਰਤੋਂ ਇਬਰਾਨੀਆਂ ਵਿਚ ਛੇ ਵਾਰ ਅਤੇ ਪੌਲੁਸ ਦੇ ਲੇਖਾਂ ਵਿਚ ਪੈਂਤੀ ਵਾਰ ਹੋਈ ਹੈ। ਯਹੂਦੀ ਨਬੀ ਗਿਣਤੀ 12:7 **ਮੂਸਾ** ਦੀ ਵਫ਼ਾਦਾਰੀ ਦੇ ਸਬੂਤ ਦੇ ਰੂਪ ਵਿਚ ਦੱਸਦੇ ਸਨ (LXX)।[5] ਉਹ ਵਫ਼ਾਦਾਰ ਸੀ, ਤਦ ਵੀ ਜਦ ਇਸਰਾਏਲੀਆਂ ਵੱਲੋਂ ਜੋ ਮਿਸਰ ਵਿਚ ਪਰਤ ਜਾਣਾ ਚਾਹੁੰਦੇ ਸਨ, ਸੋਨੇ ਦੇ ਬੱਛੇ ਦੇ ਮਾਮਲੇ ਵਿਚ ਹਾਰੂਨ ਬਹਿਕ ਗਿਆ ਸੀ (ਕੂਚ 32:1–20)।

ਯਿਸੂ ਦਾ **ਘਰ** ਖ਼ੁਦਾ ਦਾ ਪਰਿਵਾਰ ਹੈ ਅਤੇ ਇਸ ਨੂੰ ਕਲੀਸੀਆ ਦੇ ਰੂਪ ਵਿਚ ਦੱਸਿਆ ਗਿਆ ਹੈ, ਜਿਸ ਉੱਤੇ ਮਸੀਹ ਰਾਜ ਕਰਦਾ ਹੈ (1 ਤਿਮੋਥਿਉਸ 3:15)। ਮੂਸਾ ਦੇ ਸਬੰਧ ਵਿਚ, ''ਘਰ'' ਯਹੂਦੀ ਯੁੱਗ ਨੂੰ ਆਖਿਆ ਗਿਆ ਹੈ। ਮੂਸਾ ਨੇ ਇਸ ਨੂੰ ਬਣਾਉਣ ਦੇ ਲਈ ਖ਼ੁਦਾ ਦੇ ਹੁਕਮਾਂ ਦਾ ਪਾਲਨ ਕੀਤਾ।

ਤਾਂ ਫਿਰ ਇਨ੍ਹਾਂ ਦੋਹਾਂ ਆਇਤਾਂ ਵਿਚ ਖ਼ਾਸ ਵਿਚਾਰ ਕੀ ਹੈ? ਯਕੀਨਨ ਹੀ ਵਿਚਾਰ ਇਹ ਹੈ ਕਿ ਕਿਉਂ ਜੋ ਯਿਸੂ ਖ਼ੁਦਾ ਦਾ ਰਸੂਲ, ਸਾਡੇ ਇਕਰਾਰ ਦਾ ਮਹਾਯਾਜਕ ਹੈ ਅਤੇ ਉਸ ਦੇ ਲਈ ਜਿਸ ਨੇ ਉਸ ਨੂੰ ਥਾਪਿਆ ਵਫ਼ਾਦਾਰ ਸੀ, ਨਿਚੋੜ ਇਹ ਨਿੱਕਲਦਾ ਹੈ ਕਿ ਉਹ ਮੂਸਾ ਤੋਂ ਵੱਡਾ ਰਸੂਲ ਹੈ।

**ਆਇਤਾਂ 3, 4.** ਮਸੀਹ **ਮੂਸਾ ਨਾਲੋਂ ਵਧੀਕ ਆਦਰ ਦੇ ਜੋਗ ਹੈ** (ਆਇਤ 3)। **ਘਰ ਦਾ ਬਣਾਉਣ ਵਾਲਾ** ਘਰ ਦੇ ਨੌਕਰ ਨਾਲੋਂ **ਵਧੀਕ ਆਦਰ ਦੇ ਜੋਗ ਹੈ।** ਮਾਈਕਲੇਂਜਲੋ (1475–1564) ਸਿਸਟਾਈਲ ਚੈਪਲ ਦੀ ਛੱਤ ਉੱਤੇ ਕੀਤੀ ਗਈ ਆਪਣੀ ਖ਼ੂਬਸੂਰਤ ਕਲਾ ਤੋਂ ਵਧ ਕੇ ਆਦਰ ਦੇ ਯੋਗ ਹੈ। ''ਅੱਜ ਦੀ ਖਗੋਲਵਿਦਿਆ ਦੇ ਪਿਤਾਮਾਹ'' ਗਲੀਲੀਯੋ ਉਸ ਦੂਰਬੀਨ ਤੋਂ ਵਧੀਕ ਆਦਰ ਦੇ ਯੋਗ ਹੈ ਜਿਸ ਦੀ ਵਰਤੋਂ ਉਹ ਆਪਣੇ ਤੱਤ ਕੱਢਣ ਵਿਚ ਕਰਦਾ ਸੀ।

ਮਸੀਹ ਉਸ ਘਰ ਨੂੰ ਕਿਵੇਂ ਬਣਾ ਸਕਦਾ ਸੀ ਜਿਸ ਦਾ ਮੈਂਬਰ ਮੂਸਾ ਸੀ, ਕਿਉਂਕਿ ਉਸ ਦਾ ਤਾਂ ਮੂਸਾ ਦੀ ਮੌਤ ਦੇ 1,500 ਸਾਲ ਬਾਅਦ ਤਕ ਜਨਮ ਨਹੀਂ ਹੋਇਆ ਸੀ? ਮਸੀਹ ਦਾ ਅਨਾਦਿ ਹੋਣ ਦਾ ਇਬਰਾਨੀਆਂ ਦੀ ਕਿਤਾਬ ਵਿਚ ਇਹ ਇਕ ਹੋਰ ਸਾਫ਼ ਸੰਕੇਤ ਹੈ। ਇੰਜ ਉਸ ਦੇ ਪਿਤਾ ਦੇ ਨਾਲ ਆਪਣੇ ਕੰਮ ਦੇ ਭਾਗ ਦੇ ਰੂਪ ਵਿਚ ਕੀਤਾ, ਜਦ ਉਹ ਆਪਣੇ ਦੇਹਧਾਰੀ ਹੋਣ ਤੋਂ ਪਹਿਲਾਂ ਅਨੰਤਕਾਲ ਵਿਚ ਉਸ ਦੇ ਨਾਲ ਸਹਿ–ਅਸਤੱਤਵ ਵਿਚ ਸੀ। ਇਸ ਤੱਥ ਦਾ ਸੰਕੇਤ ਇਬਰਾਨੀਆਂ 1:2 ਵਿਚ ਦਿੱਤਾ ਗਿਆ ਹੈ ਅਤੇ ਯੂਹੰਨਾ 1:1–3 ਵਿਚ ਸਾਫ਼ ਦੱਸਿਆ ਗਿਆ ਹੈ। ਇਬਰਾਨੀਆਂ 13:8 ਇਹ ਕਹਿੰਦੇ ਹੋਏ ਕਿ ''ਯਿਸੂ ਮਸੀਹ ਕੱਲ ਅਤੇ ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ'' ਇਕ ਵੱਡੇ ਸਾਰ ਤੇ ਪਹੁੰਚਦਾ ਹੈ।

ਲੇਖਕ ਮੂਸਾ ਨੂੰ ਘੱਟ ਨਹੀਂ ਕਰ ਰਿਹਾ ਸੀ। ਉਸ ਨੇ ਇਸ ਵੱਡੇ ਪੁਰਖਿਆਂ ਦੀ ਵਫ਼ਾਦਾਰੀ ਨੂੰ ਮੰਨਿਆ। ਪਰ ਉਸ ਨੇ ਵਿਖਾਇਆ ਕਿ ਯਿਸੂ ਉਸ ''ਘਰ ਦਾ ਬਣਾਉਣ ਵਾਲਾ'' ਸੀ ਜਿਸ ਵਿਚ ਮੂਸਾ ਸਿਰਫ਼ ਇਕ ਸੇਵਕ ਸੀ। ਮੂਸਾ ਖ਼ੁਦਾ ਦੇ ਪੁਰਾਣੇ ਨੇਮ ਦੇ ਪਰਿਵਾਰ ਵਿਚ ਵਫ਼ਾਦਾਰ ਸੇਵਕ ਸੀ (ਗਿਣਤੀ 12:7)। ਉਹ ਜਿਵੇਂ ਕਿ ਮਹਾਯਾਜਕ ਦੇ ਸਾਹਮਣੇ ਆਪਣੇ ਉਪਦੇਸ਼ ਵਿਚ ਸਥਿਫ਼ਨੁਸ ਨੇ ਦੱਸਿਆ, ''ਉਜਾੜ ਦੀ ਕਲੀਸੀਆ ਵਿਚ'' ਸੀ (ਰਸੂਲਾਂ ਦੇ ਕੰਮ 7:38)।

ਆਪਣੇ ਘਰ ਭਾਵ ਕਲੀਸੀਆ ਦੇ ਬਣਾਉਣ ਵਾਲੇ ਦੇ ਰੂਪ ਵਿਚ (ਮੱਤੀ 16:18) ਯਿਸੂ ਘਰ ਵਿੱਚੋਂ ਅਤੇ ਉਸ ਦੇ ਕਿਸੇ ਵੀ ਸੇਵਕ ਨਾਲੋਂ ਵੱਡਾ ਹੈ। ਤਸਵੀਰ ਬਣਾਉਣ ਵਾਲਾ, ਮੂਰਤੀ ਬਣਾਉਣ ਵਾਲਾ, ਜਾਂ ਬਿਲਡਿੰਗ ਦਾ ਡਿਜ਼ਾਈਨ ਬਣਾਉਣ ਵਾਲਾ ਕੀਤੇ ਜਾਣ ਵਾਲੇ ਕੰਮ ਤੋਂ ਜ਼ਿਆਦਾ ਆਦਰ ਦੇ ਯੋਗ ਹੈ।

ਯਿਸੂ ਦੇ ''ਘਰ'' ਬਣਾਉਣ ਦਾ ਵਿਚਾਰ ਸਾਫ਼ ਤੌਰ ਤੇ ਜ਼ਕਰਯਾਹ 6:12, 13 ਤੋਂ ਲਿਆ ਗਿਆ ਹੈ। ਖ਼ੁਦਾ ਨੇ ਵਚਨ ਦਿੱਤਾ ਕਿ ਦਾਊਦ ਦਾ ਪੁੱਤਰ ਉਸ ਦੇ ਘਰ ਨੂੰ ਬਣਾਵੇਗਾ: ''ਉਹ ਮੇਰੇ ਲਈ ਇਕ ਭਵਨ ਬਣਾਏਗਾ, ਅਰ ਮੈਂ ਉਸ ਦੀ ਗੱਦੀ ਸਦੀਵ ਤੋੜੀ ਅਚੱਲ ਰੱਖਾਂਗਾ'' (1 ਇਤਿਹਾਸ 17:12)। ਇੰਜ ਪੁਰਾਣੇ ਨੇਮ ਦੇ ''ਭਵਨ'' ਅਤੇ ਨਵੇਂ ਨੇਮ ਦੇ ''ਘਰ'' ਨੂੰ ਇਕ ਕਰਨ ਦੀ ਗੱਲ ਲਗਦੀ ਹੈ ਕਿਉਂਕਿ ਹਰ ਯੁੱਗ ਵਿਚ ਖ਼ੁਦਾ ਦੇ ਧਰਮੀ ਸੰਤ ਉਸ ਘਰ ਵਿਚ ਮਿਲਦੇ ਹਨ। ਇਬਰਾਨੀਆਂ 12:23 ਵਿਚ ਇਸ ਸਚਿਆਈ ਤੇ ਜ਼ੋਰ ਦਿੱਤਾ ਗਿਆ ਹੈ, ਜਿੱਥੇ ''ਸਿੱਧ ਕੀਤਿਆਂ ਹੋਇਆਂ ਧਰਮੀਆਂ ਦੇ ਆਤਮਿਆਂ'' ਦਾ ਹਵਾਲਾ ਉਨ੍ਹਾਂ ਸਾਰਿਆਂ ਲੋਕਾਂ ਦੇ ਲਈ ਹੋਣਾ ਚਾਹੀਦਾ ਹੈ, ਜਿਹੜੇ ਅਜੇ ਤਕ ਜੀਉਂਦੇ ਰਹੇ ਹਨ।

**ਆਇਤਾਂ 5, 6.** ਮੂਸਾ ਮਾਤਬਰ ਸੀ ਪਰ ਉਹ ਸਿਰਫ਼ ਨੌਕਰ ਸੀ।[6] ਜਦ ਕਿ ਯਿਸੂ ਉਹ ਦੇ ਘਰ ਉੱਤੇ ਹੈ। ਇਸੇ ਤਰ੍ਹਾਂ ਮੂਸਾ ਦਾ ''ਘਰ'' ਮਸੀਹ ਵੱਲੋਂ ਬਣਾਏ ਗਏ ਘਰ ਨਾਲੋਂ ਘੱਟੀਆ ਸੀ। ਮੂਸਾ ਦਾ ਘਰ ਮਸੀਹ ਦੇ ਘਰ ''ਅਸਲੀ'' (ਪ੍ਰਤੀਰੂਪ) ਦੀ ਪਰਛਾਈ (ਰੂਪ) ਸੀ। ਕੁਲੁੱਸੀਆਂ 2:17 ਅਤੇ ਇਬਰਾਨੀਆਂ 10:1 ਇਸੇ ਵਿਚਾਰ ਨੂੰ ਦਸਦੇ ਹਨ।

ਮੂਸਾ ਦੀ ਸ਼ਰ੍ਹਾ ਨੇ ਇਸਰਾਏਲ ਦੇ ਧਾਰਮਿਕ ਅਤੇ ਨਾਗਰਿਕ ਸਰਕਾਰ ਦੇ ਨਿਯਮਾਂ ਦਾ ਕੰਮ ਕੀਤਾ। 1 ਤਿਮੋਥਿਉਸ 1:9 ਸੰਕੇਤ ਦਿੰਦਾ ਹੈ ਕਿ ਸ਼ਰ੍ਹਾ ਦੁਸ਼ਟਾਂ ਅਤੇ ਪਾਪੀਆਂ ਦੇ ਲਈ ਬਣਾਈ ਗਈ ਸੀ; ਇਹ ਉਨ੍ਹਾਂ ਦੇ ਪਾਪਾਂ ਨੂੰ ਵਿਖਾਉਣ ਦੇ ਲਈ ਸੀ ਅਤੇ ਜ਼ਿੰਦਗੀ ਅਤੇ ਸੰਚਾਲਨ ਦੇ ਲਈ ਅਤੇ ਉਦਾਰ ਪ੍ਰਬੰਧ ਦੀ ਲੋੜ ਨੂੰ ਵਿਖਾਉਂਦੀ ਸੀ (ਗਲਾਤੀਆਂ 3:19; ਰੋਮੀਆਂ 7:7)। ਉਹ ਮਸੀਹ ਦੇ ਆਉਣ ਤਕ ਪਾਪ ਅਤੇ ਮੂਰਤੀ ਪੂਜਾ ਦੇ ਵਿਸ਼ਵ–ਵਿਆਪੀ ਫੈਲਾਅ ਨੂੰ ਅਨੈਤਿਕਤਾ ਦੇ ਇਸ ਦੇ ਸਹਿਯੋਗੀ ਦੇ ਨਾਲ ਰੋਕਣ ਦੇ ਲਈ (ਗਲਾਤੀਆਂ 3:19)।

ਇਸ ਦੇ ਅਲਾਵਾ ਪੁਰਾਣੇ ਨੇਮ ਦਾ ਮੁੱਖ ਡਿਜ਼ਾਈਨ ਮਸੀਹ ਦੀ ਕਲੀਸੀਆ ਦੇ ਰੂਪ ਨੂੰ ਤਿਆਰ ਕਰਨਾ ਸੀ (ਵੇਖੋ ਇਬਰਾਨੀਆਂ 8:4, 5)। ਮਸੀਹ ਨੇ ਸਿਰਫ਼ ਆਪਣੇ ਘਰ ਦਾ ਅਧਿਕਾਰੀ ਨਹੀਂ ਹੋਣਾ ਸੀ, ਸਗੋਂ ਉਸ ਨੇ ਆਪਣੇ ਨਵੇਂ ਰੂਹਾਨੀ ਪਰਿਵਾਰ ਨੂੰ ਬਣਾਉਣ ਵਾਲਾ ਵੀ ਹੋਣਾ ਸੀ (ਮੱਤੀ 16:18; 1 ਪਤਰਸ 2:5, 9)। ਮੂਸਾ ਖ਼ੁਦਾ ਦੀ ਹਰ ਆਗਿਆ ਨੂੰ ਮੰਨਣ ਲਈ ਵਫ਼ਾਦਾਰ ਸੀ ਕਿ ਪੁਰਾਣੇ ਨੇਮ ਦੇ ਪ੍ਰਬੰਧ ਦੀ ਹਰ ਗੱਲ ਤਰਤੀਬਵਾਰ ਹੋਵੇ ਤਾਂ ਜੋ ਇਹ ਪੂਰੀ ਤਰ੍ਹਾਂ ਨਾਲ ਕਲੀਸੀਆ ਦਾ ਸਿੱਧ ਰੂਪ ਹੋਵੇ।

ਲੇਖਕ ਨੇ ਅੱਗੇ ਆਖਿਆ **ਉਹ ਦਾ ਘਰ ਅਸੀਂ ਹਾਂ**। ਅਸੀਂ ਅਸਲੀ ''ਇਸਰਾਏਲੀ'' ਹਾਂ, ਜਦ ਅਸੀਂ ਆਗਿਆ ਮੰਨ ਕੇ ਆਪਣੇ ਲੋਕਾਂ ਲਈ ਖ਼ੁਦਾ ਦੀ ਇੱਛਾ ਨੂੰ ਮੰਨਦੇ ਹਾਂ। ਗਲਾਤੀਆਂ 3:26–29 ਅਤੇ 6:16 ਵਿਖਾਉਂਦੇ ਹਨ ਕਿ ਮਸੀਹ ਵਿਚ ਬਪਤਿਸਮਾ ਲੈਣ ਵਾਲਾ ਮਨੁੱਖ, ਨਿਹਚਾ ਦੇ ਰਾਹੀਂ ਮਸੀਹ ਦਾ ਭਾਗ ਅਤੇ ਅਬਾਹਾਮ ਦੇ ''ਵੰਸ਼'' ਦਾ ਭਾਗ ਬਣ ਜਾਂਦਾ ਹੈ।

ਅਸੀਂ ਨਵੇਂ ਨੇਮ ਦਾ ਇਸਰਾਏਲ ਹਾਂ **ਜੇ ਅਸੀਂ ਆਸ ਦੀ ਦਿਲੇਰੀ ਅਰ ਅਭਮਾਨ ਅੰਤ ਤੋੜੀ ਫੜੀ ਰੱਖੀਏ**। ਇਹ ਝਿੜਕ ਪਾਠਕਾਂ ਨੂੰ ਨਿਹਚਾ ਤੋਂ ਹਟਣ ਤੋਂ ਰੋਕਣ ਦੀ ਇਕ ਹੋਰ ਚਿਤਾਵਨੀ ਹੈ (3:12, 13)। ਸਿਰਫ਼ ਮਸੀਹ ਦੇ ਵਚਨ ਵਿਚ ਬਣੇ ਰਹਿ ਕੇ ਹੀ ਅਸੀਂ ਉਸ ਦੇ ਅਸਲੀ ਚੇਲੇ ਬਣ ਸਕਦੇ ਹਾਂ (ਯੂਹੰਨਾ 8:31)। ਸਾਡੀ ਆਸ ''ਬੇਧੜਕ ਭਰੋਸੇ'' ਉੱਤੇ ਹੈ (MSG)। ਅਜਿਹਾ ''ਹਿੰਮਤੀ'' (*parrēsia*) ਹੋਣ ਦਾ ਅਰਥ ''ਕਿਸੇ ਗੱਲ ਵਿਚ ਜਾਂ ਦੀ ਮਹਿਮਾ'' ਹੋਣਾ ਹੈ। ''ਘਮੰਡ'' ਦੇ ਲਈ ਸ਼ਬਦ *kauchēma* ਦਾ ਅਰਥ ''ਸਾਹਿਸਕ ਭਾਵਨਾ'' ਹੋ ਸਕਦਾ ਹੈ ਜਿਸ ਵਿਚ ਪ੍ਰਭੂ ਵਿਚ ਬੰਦਗੀ ਭਰਿਆ ਭਰੋਸਾ ਹੋਵੇ।[7] ਮਸੀਹੀ ਲੋਕ ਜਿਨ੍ਹਾਂ ਨੂੰ ਇਹ ਖ਼ਤ ਲਿਖਿਆ ਗਿਆ ਸੀ ਪ੍ਰਭੂ ਵਿਚ ਆਪਣੀ ਪੱਕੀ ਆਸ ਨੂੰ ਗੁਆਉਣ ਦੇ ਖ਼ਤਰੇ ਵਿਚ ਸਨ।[8]

ਯਕੀਨਨ ਹੀ ਜ਼ਿੰਦਗੀ ਦੇ ਪੂਰਾ ਹੋ ਜਾਣ ਤੇ ਸਾਨੂੰ ਸਦੀਪਕ ਜੀਉਣ ਦੀ ਸਚਿਆਈ ਮਿਲੇਗੀ, ਨ ਸਿਰਫ਼ ਇਸ ਦਾ ਵਾਅਦਾ, ''ਜੇ ਅਸੀਂ'' ਆਪਣੇ ਨਿਹਚਾ ਵਿਚ ''ਅਖ਼ੀਰ ਤਕ ਦ੍ਰਿੜਤਾ ਨਾਲ ਸਥਿਰ'' ਰਹੀਏ। ਪ੍ਰਭੂ ਦੇ ਘਰ ਭਾਗ ਹੋਣ ਲਈ ਸਾਨੂੰ ਇਸ ਦੇ ਸੱਚੇ ਸੇਵਕ ਬਣੇ ਰਹਿਣਾ ਜ਼ਰੂਰੀ ਹੈ। ਅਸੀਂ ਮਸੀਹ ਵਿਚ ਸੁਰੱਖਿਅਤ ਹਾਂ ਪਰ ਅਸੀਂ ਸੁਰੱਖਿਅਤ ਆਪਣੇ ਆਗਿਆਕਾਰੀ ਨਿਹਚਾ ਨਾਲ ਹੀ ਹੁੰਦੇ ਹਾਂ (1 ਪਤਰਸ 1:4, 5)।

ਵਿਸ਼ਵਾਸ ਸਾਡੇ ਵੱਲੋਂ ਕੀਤਾ ਗਿਆ ਹੁਕਮ ਮੰਨਣ ਦਾ ਕੰਮ ਹੈ ਨਾ ਕਿ ਖ਼ੁਦਾ ਵੱਲੋਂ ਦਿੱਤਾ ਗਿਆ ਦਾਨ। ਅਫ਼ਸੀਆਂ 2:8 ਵਿਚ ਦੱਸਿਆ ਗਿਆ ''ਦਾਨ'' ਨਿਹਚਾ ਨਹੀਂ ਸਗੋਂ ਮੁਕਤੀ ਹੈ, ਜਿਵੇਂ ਕਿ ਰੋਮੀਆਂ 6:23 ਵੀ ਇਸ ਦੀ ਤਸਦੀਕ ਕਰਦਾ ਹੈ। ਬਾਈਬਲ ਦੇ ਹੋਸ਼ਿਆਰ ਪਾਠਕ ਇਸ ਉੱਤੇ ਧਿਆਨ ਦੇਣਗੇ ਕਿ KJV, NKJV ਅਤੇ NASB ਵਿਚ ਅਫ਼ਸੀਆਂ 2:8 ਵਾਲਾ ''ਇਹ'' ਤਿਰਛਾ ਕੀਤਾ ਗਿਆ ਹੈ, ਜਿਸ ਦਾ ਅਰਥ ਇਹ ਹੈ ਕਿ ਇਹ ਸ਼ਬਦ ਮੂਲ ਲਿਖਤ ਵਿਚ ਨਹੀਂ ਸੀ। ਕੁਝ ਅਨੁਵਾਦਾਂ ਵਿਚ ਇਹ ਪ੍ਰਭਾਵ ਛੱਡਿਆ ਜਾਂਦਾ ਹੈ ਕਿ ''ਦਾਨ'' ਨਿਹਚਾ ਹੈ, ਜਿਸ ਦੀ ਆਗਿਆ ਯੂਨਾਨੀ ਭਾਸ਼ਾ ਨਹੀਂ ਦਿੰਦੀ। ਨਿਹਚਾ ਖ਼ੁਦਾ ਦੇ ਮੁਕਾਸ਼ਫ਼ੇ ਵੱਲੋਂ ਸਾਨੂੰ ਦਿੱਤਾ ਗਿਆ ਅਸਿੱਧੇ ਤੌਰ ਤੇ ਦਾਨ ਹੈ (ਰੋਮੀਆਂ 10:17)। ਉਸ ਨੇ ਮੁਕਤੀ ਦਾ ਇਕ ਪ੍ਰਬੰਧ ਦੱਸਿਆ ਹੈ ਜਿਸ ਵਿਚ ਸਾਡਾ ਨਿਹਚਾ

ਸਾਨੂੰ ਲੈ ਕੇ ਆਉਂਦਾ ਹੈ। ਪਤਰਸ ਨੇ ਪਿੰਤੇਕੁਸਤ ਦੇ ਦਿਨ ਆਪਣੇ ਸੁਣਨ ਵਾਲਿਆਂ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਬਚਾਉਣਾ ਜ਼ਰੂਰੀ ਸੀ (ਰਸੂਲਾਂ ਦੇ ਕੰਮ 2:40; KJV)। ਇਸ ਦੇ ਇਲਾਵਾ ਪੌਲੁਸ ਨੇ ਆਖਿਆ ਕਿ ਸਾਨੂੰ ''ਆਪਣੀ ਮੁਕਤੀ ਦਾ ਕੰਮ ਨਿਬਾਹੋ'' ਕਰਨਾ ਜ਼ਰੂਰੀ ਹੈ (ਫ਼ਿਲਿੱਪੀਆਂ 2:12)। ਯਕੀਨਨ ਹੀ ਸਾਡੀ ਮੁਕਤੀ ਦਾ ਖ਼ੁਦਾ ਦਾ ਯੋਗਦਾਨ ਸ਼ੁਰੂ ਕਰਨ ਅਤੇ ਬਣਾਈ ਰੱਖਣ ਵਾਲਾ ਹੈ। ਹੁਕਮ ਮੰਨਣ ਵਿਚ ਸਾਡਾ ਕੋਈ ਵੀ ਕੰਮ ਅਸਲ ਵਿਚ ਸਾਡੇ ਛੁਟਕਾਰੇ ਨੂੰ ਕਮਾਉਂਦਾ ਜਾਂ ਸਾਨੂੰ ਇਸ ਦੇ ਯੋਗ ਨਹੀਂ ਬਣਾਉਂਦਾ ਹੈ। ਇਸ ਦੇ ਇਲਾਵਾ ਨਿਹਚਾ ਦੇ ਕਾਰਜ ਜ਼ਰੂਰੀ ਹਨ। ਨਿਹਚਾ ਆਪਣੇ ਆਪ ਵਿਚ ਇਕ ''ਕੰਮ'' ਹੈ। ਜਿਸ ਨੂੰ ਖ਼ੁਦਾ ਨੇ ਸਾਡੇ ਕਰਨ ਲਈ ਦਿੱਤਾ ਹੈ (ਯੂਹੰਨਾ 6:29)।

ਭਲਾ ਅਸੀਂ ਸਹੀ ਢੰਗ ਨਾਲ ''ਆਪਣੀ ਆਸ ਦੇ ਘਮੰਡ'' ਨੂੰ ਫੜੀ ਰੱਖ ਸਕਦੇ ਹਾਂ ਜਿਵੇਂ ਕਿ 3:6 ਵਿਚ ਆਖਿਆ ਗਿਆ ਹੈ? NRSV ਵਿਚ ਹੈ ''ਜੇ ਅਸੀਂ ਭਰੋਸੇ ਵਿਚ ਅਤੇ ਉਸ ਘਮੰਡ ਵਿਚ ਜਿਹੜਾ ਆਸ ਦਾ ਹੈ ਬਣੇ ਰਹੀਏ।'' ਅਨੁਵਾਦ ਹੋਏ ਨਾਉਂ ਸ਼ਬਦ ''ਸਾਹਸ'' ਦਾ ਅਰਥ ਹੈ ''ਈਮਾਨਦਾਰ,'' ''ਨਿਡਰਤਾ,'' ''ਸਪੱਸ਼ਟਤਾ'' ਅਤੇ ''ਭਰੋਸਾ।'' ਭਲਾ ਰਾਜ ਵਿਚ ਘਮੰਡ ਦੇ ਲਈ ਕੋਈ ਥਾਂ ਹੈ? ਲਗਦਾ ਹੈ, ਪਰ ਇਸ ਘਮੰਡ ਦਾ ਕੰਮ ਕੀ ਹੈ? ਇਹ ਰਾਜ ਦੇ ਕੰਮ ਦੇ ਲਈ ਜੋਸ਼ ਹੋ ਸਕਦਾ ਹੈ ਜਦ ਸਾਨੂੰ ਪਤਾ ਹੈ ਕਿ ਅਸੀਂ ਆਪਣੇ ਨਿਹਚਾ ਨੂੰ ਪੱਕਾ ਅਤੇ ਦਲੇਰੀ ਨਾਲ ਫੜੀ ਰੱਖਿਆ ਹੈ। ਪ੍ਰਭੂ ਵਿਚ ਅਤੇ ਜੋ ਕੁਝ ਉਹ ਸਾਡੇ ਲਈ ਕਰਦਾ ਹੈ ਉਸ ਵਿਚ ਘਮੰਡ ਸਾਡੀਆਂ ਆਪਣੀਆਂ ਪ੍ਰਾਪਤੀਆਂ ਲਈ ਵੱਧੇ ਹੋਏ ਘਮੰਡ ਦੇ ਬਗੈਰ ਹੋ ਸਕਦਾ ਹੈ।

ਸਾਡੀ ਆਸ ਅਤੇ ਘਮੰਡ ਯਿਸੂ ਵਿਚ ਹੈ। ਸਾਡਾ ਆਪਣੇ ਆਪ ਪਾਇਆ ਹੋਇਆ ਰੂਹਾਨੀਤਾ ਵਿਚ ਘਮੰਡ ਸਾਨੂੰ ਉਸ ਫ਼ਰੀਸੀ ਨਾਲ ਮਿਲਾ ਦਵੇਗਾ ਜਿਸ ਦੇ ਘਮੰਡ ਨੇ ਉਸ ਦੀ ਦੁਆ ਨੂੰ ਮੰਦਰ ਦੀ ਛੱਤ ਤੋਂ ਉੱਤੇ ਨਾ ਜਾਣ ਦਿੱਤਾ (ਲੂਕਾ 18:10–14)। ਅਜਿਹਾ ਘਮੰਡ ''ਨਾਸ ਤੋਂ ਪਹਿਲਾਂ'' ਹੁੰਦਾ ਹੈ (ਕਹਾਉਤਾਂ 16:18)। ਇਸ ਖ਼ਤ ਨੂੰ ਪਾਉਣ ਵਾਲਿਆਂ ਦੀ ਸਹੀ ਕਿਸਮ ਦੀ ਆਸ ਅਤੇ ਘਮੰਡ ਕਰਨਾ ਜ਼ਰੂਰੀ ਸੀ ਕਿਉਂਕਿ ਉਹ ਆਪਣੀ ਆਸ ਵਿਚ ਆਪਣੇ ਭਰੋਸੇ ਨੂੰ ਗੁਆ ਰਹੇ ਸਨ।

ਸਾਡੇ ਘਮੰਡ ਦਾ ਅਧਾਰ ਸਾਡੀ ਆਸ ਵਿਚ ਹੈ ਜਿਹੜੀ ਮੂਸਾ ਅਤੇ ਸ਼ਰ੍ਹਾ ਰਾਹੀਂ ਦਿੱਤੀ ਜਾਣ ਵਾਲੀ ਕਿਸੇ ਵੀ ਗੱਲ ਨਾਲੋਂ ਉੱਤਮ ਹੈ। ਇਸ ਕਾਰਣ ਘਮੰਡੀ ਯਹੂਦੀਆਂ ਅਤੇ ਰੱਬੀਆਂ ਵੱਲੋਂ ਕੀਤੀ ਜਾਣ ਵਾਲੀ ਇਕ ਹੋਰ ਅਲੋਚਨਾ ਸਾਫ਼ ਤੌਰ ਵਿਚ ਘੱਟ ਹੋ ਜਾਂਦੀ ਹੈ ਕਿਉਂਕਿ ਇਸਰਾਏਲ ਦੀ ਆਸ ਮੂਸਾ ਵਿਚ ਨਹੀਂ ਸੀ। ''ਚੰਗੀ ਆਸਾ'' ਇਬਰਾਨੀਆਂ 7:18, 19 ਵਿਚ ਦੱਸੀ ਗਈ ਹੈ, ਅਤੇ ਨਵੇਂ ਨੇਮ ਵਿਚ ਮਿਲਦੀ ਹੈ ''ਜਿਹ ਦੇ ਰਾਹੀਂ ਅਸੀਂ ਪਰਮੇਸ਼ੁਰ ਦੇ ਨੇੜੇ'' ਆਉਂਦੇ ਹਾਂ।

ਯਿਸੂ ਸਚਮੁਚ ਵਿਚ ਮੂਸਾ ਨਾਲੋਂ ਮਹਾਨ ਹੈ। ਉਹ ਵੱਡਾ ਰਸੂਲ, ਵੱਡਾ ਬਣਨ ਵਾਲਾ, ਅਤੇ ਪੁੱਤਰ ਹੈ ਨਾ ਕਿ ਸੇਵਕ। ਨਾ ਸਿਰਫ਼ ਉਹ ਮੂਸਾ ਨਾਲੋਂ ਵੱਡਾ ਸੀ, ਸਗੋਂ ਉਹ ਹਾਰੂਨ ਨਾਲੋਂ ਵੀ ਵੱਡਾ ਸੀ, ਜਿਹੜਾ ਮਾਹਾਯਾਜਕ ਸੀ। ਯਿਸੂ ਨੇ ਅਨਾਦੀ ਘਰ ਨੂੰ ਬਣਾਇਆ ਅਤੇ ਇਸ ਵਿਚ ਮਹਾਯਾਜਕ ਦੇ ਰੂਪ ਵਿਚ ਕੰਮ ਕੀਤਾ!

## ਮਸੀਹ ਦਾ ਅਰਾਮ (3:7—4:13)

### ਕਠੋਰ ਮਨ ਦੇ ਵਿਰੁੱਧ ਚਿਤਾਵਨੀ (3:7-19)

### ਵਚਨ ਦਾ ਸਬੂਤ (3:7–11)

7ਸੋ ਜਿਵੇਂ ਪਵਿੱਤਰ ਆਤਮਾ ਆਖਦਾ ਹੈ,

‘‘ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ,
8ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ,
ਜਿਵੇਂ ਬਗ਼ਾਵਤ ਦੇ ਦਿਨ ਉਜਾੜ ਵਿੱਚ,
9ਜਦ ਤੁਹਾਡੇ ਪਿਉ ਦਾਦਿਆਂ ਨੇ ਮੈਨੂੰ ਪਰਖ ਕੇ ਜਾਚਿਆ,
ਅਤੇ ਚਾਲ਼ੀ ਵਰ੍ਹੇ ਮੇਰੇ ਕੰਮ ਵੇਖੇ।
10ਇਸ ਕਾਰਨ ਮੈਂ ਉਸ ਪੀੜ੍ਹੀ ਤੋਂ ਗਰੰਜ ਹੋਇਆ,
ਅਤੇ ਆਖਿਆ ਕਿ ਓਹ ਦਿਲੋਂ ਕੁਰਾਹੇ ਪੈਂਦੇ ਹਨ,
ਅਤੇ ਉਨ੍ਹਾਂ ਮੇਰੇ ਰਾਹਾਂ ਨੂੰ ਨਾ ਜਾਤਾ,
11ਜਿਵੇਂ ਮੈਂ ਆਪਣੇ ਗੁੱਸੇ ਵਿਚ ਸਹੁੰ ਖਾਧੀ,
ਕਿ ਏਹ ਮੇਰੇ ਅਰਾਮ ਵਿਚ ਕਦੇ ਨਾ ਵੜਨਗੇ !’’

ਜੋ ਕੁਝ ਅਸੀਂ 3:1–6 ਵਿਚ ਵੇਖਿਆ ਹੈ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਉਸ ਵਿਚ ਇਕ ਸਮਾਨਤਾ ਬਣਾਈ ਜਾ ਸਕਦੀ ਹੈ: ਖ਼ੁਦਾ ਦੇ ਨਵੇਂ ਨੇਮ ਦੇ ਲੋਕਾਂ ਦੇ ਰੂਪ ਵਿਚ ਅਸੀਂ ਪੁਰਾਣੇ ਨੇਮ ਦੇ ਲੋਕਾਂ ਦੇ ਵਾਂਗ ਹਾਂ, ਜਿਹੜੇ ਵਾਅਦਾ ਕੀਤੇ ਹੋਏ ਆਪਣੇ ਦੇਸ਼ ਵੱਲ ਵੱਧਦੇ ਹੋਏ ਉਜਾੜ ਵਿੱਚੋਂ ਅੱਗੇ ਵੱਧ ਰਹੇ ਹਨ। ਮਸੀਹ ਜਿਹੜਾ ਕਿ ਮੂਸਾ ਨਾਲੋਂ ਵੱਡਾ ਹੈ, ਸਾਡਾ ਆਗੂ ਹੈ ਅਤੇ ਅਸੀਂ ਵਾਅਦਾ ਕੀਤੇ ਹੋਏ ਉਸ ਦੇਸ਼ ਵਿਚ ਉਸ ਦੇ ਪਿੱਛੇ ਜਾ ਰਹੇ ਹਾਂ ਜੋ ਉਸ ਨਾਲੋਂ ਉੱਤਮ ਹੈ, ਜਿਹੜਾ ਪੁਰਾਣੇ ਨੇਮ ਵਿਚ ਦਿੱਤਾ ਗਿਆ ਸੀ।[9] ਇੰਜ ਪੁਰਾਣੇ ਨੇਮ ਦੇ ਲੋਕਾਂ ਦੀ ਚਿਤਾਵਨੀ ਨਵੇਂ ਨੇਮ ਦੇ ਲੋਕਾਂ ਲਈ ਵੀ ਓਸੇ ਤਰ੍ਹਾਂ ਲਾਗੂ ਹੁੰਦੀ ਹੈ।

ਆਪਣੇ ਪਾਠਕਾਂ ਨੂੰ ਲੇਖਕ ਦੀ ਤਾੜਨਾ ਨੂੰ ਸੁਭਾਵਿਕ ਰੂਪ ਵਿਚ ‘‘ਸੋ’’ ਸ਼ਬਦ ਨਾਲ ਵੰਡਿਆ ਜਾ ਸਕਦਾ ਹੈ। ਇਹ ਸ਼ਬਦ ਦੋ ਵਾਰ (ਆਇਤਾਂ 7, 10 ਵਿਚ) ਆਉਂਦਾ ਹੈ ਅਤੇ ਤੀਜੀ ਵਾਰ ਇਸ ਦਾ ਸੰਕੇਤ ਮਿਲਦਾ ਹੈ (ਆਇਤ 11)।

**ਆਇਤ 7. ਜਿਵੇਂ ਪਵਿੱਤਰ ਆਤਮਾ ਆਖਦਾ ਹੈ** ਵਾਕ ਅੰਸ਼ ਇਹ ਦੱਸਦਾ ਹੈ ਕਿ ਸਾਡਾ ਲੇਖਕ ਜ਼ਬੂਰ 95 ਨੂੰ ਸਿੱਧੇ ਖ਼ੁਦਾ ਦੀ ਪ੍ਰੇਰਣਾ ਤੋਂ ਦਿੱਤਾ ਹੋਇਆ ਮੰਨਦਾ ਸੀ, ਭਾਵੇਂ ਉਹ LXX ਅਨੁਵਾਦ ਤੋਂ ਹੀ ਲੈ ਰਿਹਾ ਸੀ। ਇਸ ਦੇ ਇਲਾਵਾ ‘‘ਆਖਦਾ ਹੈ’’ ਸ਼ਬਦ ਵਰਤਮਾਨ ਕਾਲ ਵਿਚ ਹੈ, ਜਿਹੜਾ ਸੰਕੇਤ ਦਿੰਦਾ ਹੈ ਕਿ ਖ਼ੁਦਾ ਅੱਜ ਵੀ ਪਵਿੱਤਰ ਲਿਖਤ ਦੇ ਰਾਹੀਂ ਓਸੇ ਤਰ੍ਹਾਂ ਗੱਲ ਕਰ ਰਿਹਾ ਹੈ ਜਿਵੇਂ ਤਦ ਕਰਦਾ ਸੀ। ਸੰਪੂਰਣ ਬਾਈਬਲ ਖ਼ੁਦਾ ਦੀ ਪ੍ਰੇਰਣਾ ਦਿੱਤੇ ਹੋਏ ਲੇਖਕਾਂ ਦੇ ਰਾਹੀਂ ਮਨੁੱਖਜਾਤੀ ਦੇ ਨਾਲ ਖ਼ੁਦਾ ਦੀਆਂ ਗੱਲਾਂ ਕਰਨਾ ਹੀ ਹੈ (2 ਪਤਰਸ 1:20, 21)। ਇਸ ਕਾਰਣ ਪਾਪ ਅਤੇ ਬੇਦੀਨੀ ਦੇ ਵਿਰੁੱਧ ਪੁਰਾਣੇ ਨੇਮ ਦੀਆਂ ਚਿਤਾਵਨੀਆਂ ਸਾਡੀਆਂ ਉਨ੍ਹਾਂ ਚਿਤਾਵਨੀਆਂ ਦੇ ਵਾਂਗ ਹੀ ਹਨ, ਜਿਹੜੀਆਂ ਸਿਰਫ਼ ਨਵੇਂ ਨੇਮ ਵਿਚ ਮਿਲਦੀਆਂ ਹਨ।

ਲੇਖਕ ਨੇ ਜ਼ਬੂਰ 95:7–11 ਤੋਂ ਦੁਹਰਾਇਆ ਹੈ। ਇਹ ਆਇਤਾਂ ਦੋਹਾਂ ਘੱਟਨਾਵਾਂ ਨੂੰ ਉਜਾੜ ਵਿਚ ਇਸਰਾਏਲੀਆਂ ਦੀ ਕਹਾਣੀ ਨਾਲ ਮਿਲਾ ਦਿੰਦੀਆਂ ਹਨ। ਇਕ ਥਾਂ ਇਸਰਾਏਲੀ ਪਾਣੀ ਦੀ ਤੰਗੀ ਤੋਂ ਪਰੇਸ਼ਾਨ ਸਨ ਅਤੇ ਮੂਸਾ ਦੇ ਵਿਰੁੱਧ ਬੋਲ ਰਹੇ ਸਨ (ਕੂਚ 17:1–7)। ਬਾਅਦ ਵਿਚ ਕਨਾਨ ਦੇ ਬਾਰੇ ਜਸੂਸਾਂ ਦੀ ਬੁਰੀ ਰਿਪੋਰਟ ਕਾਰਣ ਕਈਆਂ ਨੇ ਵਾਅਦਾ ਕੀਤੇ ਹੋਏ ਦੇਸ਼ ਉੱਤੇ ਓਸੇ ਵਕਤ ਹਮਲਾ ਕਰਨ ਤੋਂ ਇਨਕਾਰ ਕਰ ਦਿੱਤਾ (ਗਿਣਤੀ 13:25–14:4)। ਦੋਹਾਂ ਹੀ ਘੱਟਨਾਵਾਂ ਵਿਚ ਉਜਾੜ ਵਿਚ ਘੁੰਮਣ ਦੇ ਵਕਤ ਇਸਰਾਏਲ ਦੇ ਨਿਹਚਾ ਦੀ ਕਮੀ ਦਾ ਪਤਾ ਲਗਦਾ ਹੈ; ਦੋਵੇਂ ਘੱਟਨਾਵਾਂ ਖ਼ੁਦਾ ਵਿਚ ਭਰੋਸੇ ਦੀ ਕਮੀ ਤੋਂ ਨਿੱਕਲੀਆਂ ਸਨ। ਖ਼ੁਦਾ ਦੇ ਲੋਕ ਹੋਣ ਦਾ ਦਾਅਵਾ ਕਰਨਾ ਇਕ ਗੱਲ ਹੈ ਪਰ ਤੁਹਾਡੇ ਲਈ ਜੋ ਉਸ ਨੂੰ ਚੰਗਾ ਲਗਦਾ ਹੈ ਉਹ ਦੇਣ ਦੇ ਲਈ ਉਸ ਵਿਚ ਭਰੋਸਾ

ਰੱਖਣਾ ਦੂਜੀ ਗੱਲ ਹੈ।

**ਆਇਤਾਂ 8-10.** ਖ਼ੁਦਾ **ਗਰੰਜ** ਵਿਚ ਆ ਗਿਆ, ਪਰ ਦੁੱਖੀ ਹੋਣ ਤੋਂ ਕਿਤੇ ਵਧ ਕੇ ਸੀ; ਅਸਲ ਵਿਚ ਉਹ ਉਸ ਪੀੜ੍ਹੀ ਤੋਂ ''ਚਿੜ'' ਗਿਆ ਸੀ![10] ਰੇਮੰਡ ਬ੍ਰਾਉਨ ਦੇ ਅਨੁਸਾਰ ਖ਼ੁਦਾ ''ਉਸ ਪੀੜ੍ਹੀ ਤੋਂ ਤੰਗ ਆ ਗਿਆ ਸੀ।''[11] ਉਸ ਦੀ ਨਰਾਜ਼ਗੀ ਸਹੀ ਸੀ ਕਿਉਂਕਿ ਲੋਕ ਉਨ੍ਹਾਂ ਉੱਤੇ ਉਸ ਦੀ ਕਿਰਪਾ ਦੇ ਬਾਵਜੂਦ ਆਗਿਆ ਨੂੰ ਤੋੜਦੇ ਜਾ ਰਹੇ ਸਨ। ਯਕੀਨਨ ਹੀ ਬਗ਼ਾਵਤ ਵਿਚ **ਚਾਲ਼ੀ ਵਰ੍ਹੇ** ਗੁਜ਼ਾਰਨ ਵਾਲਾ ਮਨੁੱਖ ਵੀ ਖ਼ੁਦਾ ਨੂੰ ਕ੍ਰੋਧ ਹੀ ਦੁਆਉਂਦਾ ਹੈ। ਸਾਨੂੰ ਵੀ ਓਸੇ ਤਰ੍ਹਾਂ ਦੀ ਚਿਤਾਵਨੀ ਦੀ ਲੋੜ ਹੈ ਜਿਵੇਂ ਇਸਰਾਏਲੀਆਂ ਨੂੰ ਦਿੱਤੀ ਗਈ ਸੀ। ਅਸੀਂ ਵੀ ਖ਼ੁਦਾ ਨੂੰ ਓਸੇ ਤਰ੍ਹਾਂ ਦੁੱਖੀ ਕਰ ਸਕਦੇ ਹਾਂ ਜਿਵੇ ਉਨ੍ਹਾਂ ਨੇ ਕੀਤਾ ਸੀ।

ਸਾਨੂੰ ਇਸ ਮਾਮਲੇ ਵਿਚ ਛੇਤੀ ਤੋਂ ਛੇਤੀ ਧਿਆਨ ਦੇਣ ਦੀ ਲੋੜ ਹੈ। ਖ਼ੁਦਾ ਸਾਨੂੰ ਕਿਤੇ ਵੀ ਇਕ ਹੋਰ ਦਿਨ ਹੋਣ ਦਾ ਭਰੋਸਾ ਨਹੀਂ ਦਿੰਦਾ, ਸੋ ਸਾਡਾ ਫ਼ਰਜ਼ **ਅੱਜ** ਹੀ ਪੂਰਾ ਹੋਣਾ ਚਾਹੀਦਾ ਹੈ। ਇਹ ਸੱਚ ਹੈ, ਭਾਵੇਂ ਇਹ ਇੰਜੀਲ ਦੇ ਸਾਡੇ ਸ਼ੁਰੂਆਤੀ ਹੁਕਮ ਮੰਨਣ ਦੀ ਗੱਲ ਹੋਵੇ (ਮਰਕੁਸ 16:16; ਰਸੂਲਾਂ ਦੇ ਕੰਮ 2:38) ਜਾਂ ਨਿਹਚਾ ਯੋਗਤਾ ਵਿਚ ਲਗਾਤਾਰ ਵੱਧਦੇ ਰਹਿਣ ਦੀ ਲੋੜ ਦੇ ਲਈ (2 ਪਤਰਸ 1:5–11) ਹੋਵੇ।

ਇਬਰਾਨੀਆਂ ਦੀ ਕਿਤਾਬ ਦੇ ਸ਼ੁਰੂਆਤੀ ਪਾਠਕਾਂ ਦੇ ਦੂਰ ਹੋ ਜਾਣ ਦਾ ਗੰਭੀਰ ਖ਼ਤਰਾ ਸੀ ਅਤੇ ਉਨ੍ਹਾਂ ਨੂੰ ਖ਼ਾਸ ਤਾੜਨਾ ਦੀ ਲੋੜ ਸੀ। ਉਨ੍ਹਾਂ ਨੂੰ ਇਹ ਮਿਲੀ ਅਤੇ ਦੱਸਿਆ ਗਿਆ ਕਿ **''ਆਪਣੇ ਦਿਲਾਂ ਨੂੰ ਕਠੋਰ ਨਾ ਕਰੋ ...''** (ਆਇਤ 8)। ਇੰਜੀਲ ਦੇ ਉਪਦੇਸ਼ਕਾਂ ਨੂੰ ਠੁਕਰਾ ਕੇ ਅਸੀਂ ਵੀ ਆਪਣੇ ਮਨਾਂ ਨੂੰ ਕਠੋਰ ਕਰ ਸਕਦੇ ਹਾਂ। ਉਨ੍ਹਾਂ ਲੋਕਾਂ ਤੇ ਸਭ ਤੋਂ ਵੱਧ ਅਫ਼ਸੋਸ ਹੈ ਜਿਹੜੇ ਜਾਣਬੁੱਝ ਕੇ ਖ਼ੁਦਾ ਦੇ ਵਚਨ ਦਾ ਸਾਹਮਣਾ ਕਰਨ ਲਈ ਆਪਣੇ ਮਨਾਂ ਨੂੰ ਕਠੋਰ ਕਰ ਲੈਂਦੇ ਹਨ।

ਲੇਖਕ ਨੇ ਲਿਖਿਆ, **''ਜਿਵੇਂ ਬਗ਼ਾਵਤ ਦੇ ਦਿਨ ਉਜਾੜ ਵਿੱਚ''** ਕੀਤਾ ਸੀ (ਆਇਤ 8)। NASB ਵਿਚ ਹੈ ''ਜਿਵੇਂ ਜਦ ਉਨ੍ਹਾਂ ਨੇ ਮੈਨੂੰ ਗੁੱਸਾ ਦੁਆਇਆ ਸੀ, ਉਜਾੜ ਵਿਚ ਬਗ਼ਾਵਤ ਦੇ ਦਿਨਾਂ ਵਾਂਗ।'' ਇਹ ਉਦਾਹਰਣ ਉਨ੍ਹਾਂ ਘੱਟਨਾਵਾਂ ਵੱਲ ਇਸ਼ਾਰਾ ਕਰਦਾ ਹੈ ਜਿਹੜੇ ਮਰੀਬਾਹ ਵਿਚ ਘੱਟੇ ਸਨ। ਜ਼ਬੂਰ ਜਿਸ ਵਿੱਚੋਂ ਇਹ ਲਿਆ ਗਿਆ ਹੈ, ਅਸਲ ਵਿਚ ਕਹਿੰਦਾ ਹੈ, ''ਆਪਣੇ ਦਿਲਾਂ ਨੂੰ ਕਠੋਰ ਨਾ ਕਰੋ, ਜਿਵੇਂ ਮਰੀਬਾਹ ਤੇ ਮੱਸਾਹ ਦੇ ਵੇਲੇ ਉਜਾੜ ਵਿਚ ਕੀਤਾ'' (ਜ਼ਬੂਰ 95:8)। ਮਰੀਬਾਹ ਉਹ ਥਾਂ ਸੀ ਜਿੱਥੇ ਪਾਣੀ ਦੀ ਕਮੀ ਹੋਣ ਤੇ ਇਸਰਾਏਲੀ ਕੁੜ੍ਹਦੇ ਸਨ (ਕੂਚ 17:1–7)। ਕੂਚ 17:7 ਵਿਚ ਇਸੇ ਥਾਂ ਲਈ ''ਮਰੀਬਾਹ'' ਅਤੇ ''ਮੱਸਾਹ'' ਸ਼ਬਦਾਂ ਦੀ ਵਰਤੋਂ ਹੋਈ।

ਇਨ੍ਹਾਂ ਨਾਵਾਂ ਦੇ ਅਨੁਵਾਦ ਦਿੰਦੇ ਹੋਏ ਇਸਰਾਏਲ ਦੇ ਲੇਖਕ ਨੇ LXX ਦੀ ਸ਼ਬਦਾਵਲੀ ਦੀ ਨਕਲ ਕੀਤੀ। ਉਸ ਨੇ ਲਗਾਤਾਰ LXX ਦੀ ਵਰਤੋਂ ਕੀਤੀ ਬੇਸ਼ੱਕ ਉਸ ਨੇ ਕਈ ਵਾਰ ਵਾਕ ਅੰਸ਼ ਦੀ ਵਰਤੋਂ ਕੀਤੀ ਹੋ ਸਕਦੀ ਹੈ। ਜ਼ਬੂਰ 95:8 ਦੇ ਇਬਰਾਨੀ ਲਿਖਤ ਦਾ ਮੂਲ ਅਰਥ ਹੈ, ''ਆਪਣੇ ਮਨ ਨੂੰ ਕਠੋਰ ਨਾ ਕਰੋ, ਜਿਵੇਂ *ਗੁੱਸਾ ਦੁਆਉਣ* ਵਿਚ, ਉਜਾੜ ਵਿਚ *ਬਗ਼ਾਵਤ* ਦੇ ਦਿਨ ਦੇ ਅਨੁਸਾਰ।'' ''ਗੁੱਸਾ ਦੁਆਉਣ,'' ਜਾਂ ''ਬਗ਼ਾਵਤ'' ਦਾ ਅਨੁਵਾਦ ''ਮਰੀਬਾਹ'' ਦੇ ਸਮਾਨ ਅਰਥੀ ਯੂਨਾਨੀ ਸ਼ਬਦ (*parapikrasmos*) ਤੋਂ ਅਨੁਵਾਦ ਕੀਤਾ ਗਿਆ ਹੈ।[12] ਇਸ ਥਾਂ ਲਈ ਹੋਰ ਨਾਂਅ ''ਮੱਸਾਹ'' ਜਿਸਦਾ ਅਰਥ ''ਝਗੜਾ'' ਹੈ ''ਪਰੀਖਿਆ'' ਦੇ ਲਈ ਯੂਨਾਨੀ ਸ਼ਬਦ (*peirasmos*) ਦੇ ਬਰਾਬਰ ਹੈ।

ਲੇਖਕ ਨੇ ਆਖਿਆ ਕਿ ਇਸਰਾਏਲੀਆਂ ਨੇ ਆਪਣੀ ਸ਼ਿਕਾਇਤ ਨਾਲ ਖ਼ੁਦਾ ਦੇ ਧੀਰਜ ਦੀ **ਪਰਖ** ਕੀਤੀ ਸੀ (ਆਇਤ 9)। ਮਿਸਰ ਵਿਚ ਮੋਅਜਜ਼ਿਆਂ ਨੂੰ ਵੇਖਣ ਦੇ ਬਾਅਦ, ਚੱਟਾਨ ਵਿੱਚੋਂ ਪਾਣੀ ਵਹਿਣ ਦੇ ਹੈਰਾਨੀਜਨਕ ਉਪਹਾਰ ਨੂੰ ਵੇਖਣ ਦੇ ਬਾਅਦ, ਉਜਾੜ ਵਿਚ ਬਟੇਰ ਅਤੇ ਮੰਨਾ ਦੇ ਖ਼ੁਦਾ ਦੇ ਕਿਰਪਾਮਈ ਢੰਗ ਮਿਲਣ ਦੇ ਬਾਅਦ ਅਤੇ ਬੱਦਲ ਅਤੇ ਅੱਗ ਦੇ ਖੰਭੇ ਨਾਲ ਖ਼ੁਦਾ ਵੱਲੋਂ

ਅਗਵਾਈ ਕੀਤੇ ਜਾਣ ਦੇ ਬਾਅਦ ਉਹ ਅਜਿਹਾ ਵਿਹਾਰ ਕਿਵੇਂ ਵਿਖਾ ਸਕਦੇ ਸਨ? ਅਸੀਂ ਵੀ ਖ਼ੁਦਾ ਦੀ ਦਯਾ ਦੇ ਕੰਮਾਂ ਨੂੰ ਵੇਖ ਕੇ ਉਦਾਸੀਨ ਅਤੇ ਬਗ਼ਾਵਤ ਦੇ ਰਾਹੀਂ ਆਪਣੇ ਧੀਰਜ ਦੀ ਪਰਖ ਕਰਕੇ ਉਸ ਨੂੰ ਦੁੱਖੀ ਕਰ ਸਕਦੇ ਹਾਂ।

''ਚਾਲ਼ੀ ਵਰ੍ਹੇ'' (ਆਇਤ 9) ਸਜ਼ਾ ਦੀ ਮਿਆਦ ਸੀ, ਜਿਹੜੀ ਖ਼ੁਦਾ ਨੇ ਠਹਿਰਾਈ ਸੀ। ਇਹ ਉਹ ਵਕਤ ਸੀ ਜਿਸ ਵਿਚ ਖ਼ੁਦਾ ਨੇ ਇਸਰਾਏਲ ਨੂੰ ਉਜਾੜ ਵਿਚ ਰੋਕ ਕੇ ਘੁੰਮਣ ਦੇ ਲਈ ਮਜ਼ਬੂਰ ਕਰਕੇ ਵਾਅਦਾ ਕੀਤੇ ਹੋਏ ਦੇਸ਼ ਦੀ ਯਾਤਰਾ ਲੰਮੀ ਕਰ ਦਿੱਤੀ ਸੀ। ਭਲਾ ''ਚਾਲ਼ੀ ਵਰ੍ਹੇ'' ਦੇ ਇਸ ਜ਼ਿਕਰ ਵਿਚ ਮਸੀਹ ਦੀ ਨਬੂਵਤ ਦਾ ਕੋਈ ਸੰਕੇਤ ਹੋ ਸਕਦਾ ਹੈ? ਇਸਰਾਏਲੀਆਂ ਦੇ ਨਿਹਚਾ ਦੀ ਆਪਣੀ ਕਮੀ ਕਰਕੇ ਉਜਾੜ ਵਿਚ ਘੁੰਮਣ ਦਾ ਇਹ ਵਕਤ ਯਕੀਨਨ ਯਿਸੂ ਦੇ ਠੁਕਰਾਏ ਜਾਣ ਅਤੇ ਸਲੀਬ ਉੱਤੇ ਚੜ੍ਹਾਏ ਜਾਣ ਅਤੇ ਯਹੂਦੀ ਜਾਤੀ ਦੇ ਨਾਸ ਵਿਚ ਵੀ ਸਮੇਂ ਦੀ ਮਿਆਦ ਨਾਲ ਮੇਲ ਖਾਂਦਾ ਹੈ।

ਯਰੂਸ਼ਲਮ ਦਾ ਨਾਸ ਅਤੇ ਬਹੁਤਿਆਂ ਦਾ ਘਾਤ 70 ਈਸਵੀ ਵਿਚ ਹੋਇਆ। ਇਬਰਾਨੀਆਂ ਦੇ ਲੇਖਕ ਨੇ ਸੰਕੇਤ ਦਿੱਤਾ ਕਿ ਪੁਰਾਣਾ ਪ੍ਰਬੰਧ ਮਿਟ ਜਾਣ ਦੇ ਕਿਨਾਰੇ ਤੇ ਸੀ (ਵੇਖੋ 8:13)। ਫੇਰ ਮੰਦਰ ਨਹੀਂ ਰਹਿਣਾ ਸੀ ਅਤੇ ਕੁਰਬਾਨੀਆਂ ਵੀ ਬੰਦ ਹੋ ਜਾਣੀਆਂ ਸਨ। ਬੇਸ਼ੱਕ ਲੇਖਕ ਨੂੰ ਮੱਤੀ 24, ਮਰਕੁਸ 13 ਅਤੇ ਲੂਕਾ 21 ਵਿਚ ਪ੍ਰਭੂ ਦੀਆਂ ਨਬੂਵਤਾਂ ਤੋਂ ਅਗਵਾਈ ਮਿਲੀ ਸੀ। ਅਸੀਂ ਸਿਰਫ਼ ਅੰਦਾਜ਼ਾ ਹੀ ਲਾ ਸਕਦੇ ਹਾਂ ਕਿ ਬਾਅਦ ਦੀ (ਬਿਨਾਂ ਲਿਖਤ) ਨਬੂਵਤਾਂ ਇਸ ਆਉਣ ਵਾਲੇ ਨਾਸ ਦੇ ਸਬੰਧ ਵਿਚ ਪਵਿੱਤਰ ਲੋਕਾਂ ਲਈ ਦਿੱਤੀ ਗਈ ਸੀ।

''ਉਨ੍ਹਾਂ ਮੇਰੇ ਰਾਹਾਂ ਨੂੰ ਨਾ ਜਾਤਾ'' (ਆਇਤ 10) ਯਹੋਵਾਹ ਨੇ ਆਖਿਆ। ਉਨ੍ਹਾਂ ਨੇ ਖ਼ੁਦਾ ਦੀ ਇਲਾਹੀ ਸਮਰੱਥਾ ਨੂੰ ਵਾਰ ਵਾਰ ਵੇਖਿਆ ਸੀ। ਪਰ ਉਨ੍ਹਾਂ ਨੇ ਉਸ ਦੇ ''ਰਾਹਾਂ'' ਨੂੰ ਸਮਝਿਆ ਨਹੀਂ (ਵੇਖੋ ਯਸਾਯਾਹ 55:9)। ਅਸਲ ਵਿਚ ਉਨ੍ਹਾਂ ਨੇ ਇਸ ਸਪੱਸ਼ਟ ਸਚਿਆਈ ਨੂੰ ਜਾਣਨਾ ਨਹੀਂ ਚੁਣਿਆ ਕਿ ਖ਼ੁਦਾ ਦੀ ਨਜ਼ਰ ਵਿਚ ਨਿਹਚਾ ਦੀ ਕਮੀ, ਸਰਗਰਮ ਭਰੋਸਾ ਰੱਖਣ ਵਾਲੇ ਨਿਹਚਾ ਦੀ ਕਮੀ ਕਿੰਨੀ ਘੱਟੀਆ ਹੈ। ਅਬਰਾਹਾਮ ਨੇ ਜਿੱਥੇ ਬਿਨਾਂ ''ਵੇਖੇ'' ਵੇਖ ਲਿਆ ਸੀ (ਇਬਰਾਨੀਆਂ 11:13), ਉੱਥੇ ਹੀ ਇਨ੍ਹਾਂ ਲੋਕਾਂ ਨੇ ਖ਼ੁਦਾ ਦੀ ਸਮਰੱਥਾ ਨੂੰ ਵੇਖਿਆ ਸੀ ਅਤੇ ਉਨ੍ਹਾਂ ਨੇ ਆਪਣੀ ਪਵਿੱਤਰਤਾ ਅਤੇ ਸ਼ੁੱਧ ਕੀਤੇ ਜਾਣ ਲਈ ਖ਼ੁਦਾ ਦੀ ਇੱਛਾ ਨੂੰ ਸਮਝਣ ਦੇ ਅਰਥ ਵਿਚ ਨਹੀਂ ''ਵੇਖਿਆ'' ਸੀ। ਹੋਸ਼ੇਆ ਨੇ ਖ਼ੁਦਾ ਦੇ ਗਿਆਨ ਦੀ ਕਮੀ ਕਰਕੇ ਇਸਰਾਏਲੀਆਂ ਨੂੰ ਪਾਪਾਂ ਲਈ ਝਿੜਕਿਆ ਸੀ ਅਤੇ ਇਸ ਕਰਕੇ ਉਨ੍ਹਾਂ ਦੇ ਨਾਸ ਦਾ ਵਚਨ ਦਿੱਤਾ ਸੀ (ਹੋਸ਼ੇਆ 4:1–6)।

ਆਇਤ 11. ਇੱਥੇ ''ਸੋ'' ਸ਼ਬਦ ਦੀ ਵਰਤੋਂ ਨਹੀਂ ਹੋਈ ਹੈ, ਪਰ ਇਸ ਦਾ ਸੰਕੇਤ ਹੈ। ਅਸੀਂ ਕਹਿ ਸਕਦੇ ਹਾਂ, ''ਇਸ ਲਈ, ਖ਼ੁਦਾ ਨੇ 'ਸਹੁੰ ਖਾਧੀ।' '' ਉਸ ਨੇ **ਗੁੱਸੇ ਵਿਚ ਸਹੁੰ ਖਾਧੀ** ਕਿ ਇਸਰਾਏਲੀ ਕਨਾਨ ਦੇ **ਅਰਾਮ ਵਿਚ ਕਦੇ ਨਾ ਵੜਨਗੇ** (ਵੇਖੋ ਗਿਣਤੀ 14:22–30)। ਖ਼ੁਦਾ ਆਪਣੇ ਗੁੱਸੇ ਵਿਚ ਸਹੀ ਹੋ ਸਕਦਾ ਹੈ, ਕਿਉਂਕਿ ਇਹ ਸੁਭਾਅ ਦਾ ਗੁੱਸਾ ਨਹੀਂ ਹੈ। ਸਗੋਂ ਨਿਆਂਇਕ ਗੁੱਸਾ ਹੈ। ਉਸ ਦੇ ਉਨ੍ਹਾਂ ਦੇ ਪਾਪ ਦੇ ਕਾਰਣ ਸਜ਼ਾ ਦੇਣ ਕਰਕੇ ਅਸੀਂ ਯਕੀਨੀ ਹੋ ਸਕਦੇ ਹਾਂ ਕਿ ਉਸ ਦਾ ਨਿਆਂ ਸੱਚਾ, ਬਿਨਾਂ ਪੱਖ ਦੇ ਅਤੇ ਧਾਰਮਿਕਤਾ ਦੇ ਉਸ ਦੇ ਇਲਾਹੀ ਮਿਆਰ ਦੇ ਅਨੁਸਾਰ ਸੀ। ਉਸ ਨੇ ਉਨ੍ਹਾਂ ਦੇ ਪਾਪ ਦੇ ਪਰਮਾਣਾਂ ਉੱਤੇ ਜ਼ੋਰ ਦੇਣ ਲਈ ਉਨ੍ਹਾਂ ਨਾਲ ''ਸਹੁੰ ਖਾਧੀ'' ਕਿ ਉਹ ਉਸ ਦੇ ਅਰਾਮ ਵਿਚ ਵੜ ਨਹੀਂ ਸਕਣਗੇ।

ਖ਼ੁਦਾ ਇਸਰਾਏਲੀਆਂ ਦੀ ਬਗ਼ਾਵਤ ਤੋਂ ਨਰਾਜ਼ ਸੀ, ਉਸ ਦੀ ਨਰਾਜ਼ਗੀ ਸਾਫ਼ ਤੌਰ ਤੇ ਉਜਾੜ ਵਿਚ ਉਨ੍ਹਾਂ ਦੇ ਘੁੰਮਣ ਦੇ ਪੂਰੇ ਚਾਲ਼ੀ ਵਰ੍ਹੇ ਤਕ ਰਹੀ।[13] ਕੋਈ ਵੀ ਮਨੁੱਖ ਜਾਂ ਜਾਤੀ ਬਗ਼ਾਵਤ ਵਿਚ ਰਹਿਣ ਤੇ ਜਦ ਕਿ ਉਨ੍ਹਾਂ ਨੂੰ ਪਾਪ ਤੋਂ ਬਚਣ ਦਾ ਮੌਕਾ ਮਿਲਿਆ ਹੋਵੇ, ਉਨ੍ਹਾਂ ਨੂੰ ਸਜ਼ਾ ਦੇਣ ਲਈ ਖ਼ੁਦਾ ਉੱਤੇ ਇਲਜ਼ਾਮ ਨਹੀਂ ਲਾ ਸਕਦਾ। ਮਿਸਰ ਦੀ ਗ਼ੁਲਾਮੀ ਵਿਚ ਪਰਤ ਜਾਣ ਦੀ ਇਸਰਾਏਲੀਆਂ ਦੀ ਇੱਛਾ ਮੂਰਖਤਾਪੂਰਣ ਸੀ, ਕਿਉਂਕਿ ਉਨ੍ਹਾਂ ਨੂੰ ਉਜਾੜ ਵਿਚ ਖ਼ੁਦਾ ਦੀ ਸੇਵਾ ਕਰਨ ਦੀ ਪੂਰੀ

ਅਜ਼ਾਦੀ ਸੀ। ਜੇ ਅਬਰਾਹਾਮ ਦੀ ਸੰਤਾਨ ਵਾਂਗ ਅਸੀਂ ਖ਼ੁਦਾ ਦੇ ਹੁਕਮਾਂ ਪ੍ਰਤੀ ਆਪਣੇ ਮਨਾਂ ਨੂੰ ਕਠੋਰ ਕਰ ਲਈਏ ਤਾਂ ਅਸੀਂ ਉਸ ਦੇ ਗੁੱਸੇ ਨੂੰ ਭੜਕਾਵਾਂਗੇ ਅਤੇ ਉਸ ਦੇ ਨਿਆਂ ਦਾ ਸਾਮਹਣਾ ਕਰਾਂਗੇ।

ਇਸਰਾਏਲ ਦੀ ਨਾਕਾਮੀ ਦਾ ਕਾਰਣ (3:12–19)

12ਹੇ ਭਰਾਵੋ, ਵੇਖਣਾ ਭਈ ਜੀਉਂਦੇ ਦੇ ਪਰਮੇਸ਼ੁਰ ਤੋਂ ਬੇਮੁਖ ਹੋਣ ਕਰਕੇ ਕਿਤੇ ਤੁਹਾਡੇ ਵਿਚ ਕਿਸੇ ਦਾ
ਬੇਪਰਤੀਤਾ ਬੁਰਾ ਦਿਲ ਨਾ ਹੋਵੇ, 13ਸਗੋਂ ਜਿੰਨਾ ਚਿਰ ਅੱਜ ਦਾ ਦਿਨ ਆਖੀਦਾ ਹੈ ਤੁਸੀਂ ਨਿੱਤ ਇਕ
ਦੂਏ ਨੂੰ ਉਪਦੇਸ਼ ਕਰਿਆ ਕਰੋ ਤਾਂ ਜੋ ਤੁਹਾਡੇ ਵਿੱਚੋਂ ਕੋਈ ਪਾਪ ਦੇ ਧੋਖੇ ਨਾਲ ਕਠੋਰ ਨਾ ਹੋ ਜਾਵੇ।
14ਕਿਉਂ ਜੋ ਅਸੀਂ ਮਸੀਹ ਵਿਚ ਸਾਂਝੀ ਹੋਏ ਹੋਏ ਹਾਂ ਪਰ ਤਦ ਜੇ ਆਪਣੇ ਪਹਿਲੇ ਭਰੋਸੇ ਨੂੰ ਅੰਤ ਤੋੜੀ
ਤਕੜਾਈ ਨਾਲ ਫੜੀ ਰੱਖੀਏ, ਜਿਵੇਂ ਆਖਿਆ ਜਾਂਦਾ ਹੈ, 15ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ,

ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ,
ਜਿਵੇਂ ਬਗ਼ਾਵਤ ਦੇ ਦਿਨ।

16ਓਹ ਕਿਹੜੇ ਸਨ ਜਿਨ੍ਹਾਂ ਸੁਣ ਕੇ ਬਗ਼ਾਵਤ ਕੀਤੀ? ਭਲਾ, ਉਨ੍ਹਾਂ ਸਭਨਾਂ ਨਹੀਂ ਜਿਹੜੇ ਮੂਸਾ ਦੇ
ਰਾਹੀਂ ਮਿਸਰੋਂ ਨਿੱਕਲ ਆਏ ਸਨ? 17ਅਤੇ ਉਹ ਕਿਨ੍ਹਾਂ ਨਾਲ ਚਾਲ਼ੀ ਵਰ੍ਹੇ ਗਰੰਜ ਰਿਹਾ? ਭਲਾ, ਉਨ੍ਹਾਂ
ਨਾਲ ਨਹੀਂ ਜਿਨ੍ਹਾਂ ਪਾਪ ਕੀਤਾ ਅਤੇ ਜਿਨ੍ਹਾਂ ਦੀਆਂ ਲੋਥਾਂ ਉਜਾੜ ਵਿਚ ਪਈਆਂ ਰਹੀਆਂ? 18ਅਤੇ
ਕਿਨ੍ਹਾਂ ਨੂੰ ਉਸ ਨੇ ਸਹੁੰ ਖਾ ਕੇ ਆਖਿਆ ਭਈ ਓਹ ਮੇਰੇ ਅਗਮ ਵਿਚ ਨਾ ਵੜਨਗੇ ਪਰ ਉਨ੍ਹਾਂ ਨੂੰ
ਜਿਹੜੇ ਅਣਆਗਿਆਕਾਰ ਸਨ? 19ਅਸੀਂ ਇਹ ਵੇਖਦੇ ਹਾਂ ਜੋ ਓਹ ਬੇਪਰਤੀਤੀ ਦੇ ਕਾਰਨ ਉਸ ਵਿਚ
ਵੜ ਨਾ ਸੱਕੇ ।

ਪ੍ਰਚਾਰ ਨੂੰ ਜਾਰੀ ਰੱਖਦੇ ਹੋਏ ਲੇਖਕ ਨੇ ਇਨ੍ਹਾਂ ਮਸੀਹੀ ਲੋਕਾਂ ਨਾਲ ਆਪਣੇ ਨਿਹਚਾ ਨੂੰ ਮਜ਼ਬੂਤ ਅਤੇ ਤਗੜਾ ਬਣਾਈ ਰੱਖਣ ਨੂੰ ਆਖਿਆ। ਉਸ ਨੇ ਚਿਤਾਵਨੀ ਦਿੱਤੀ ਕਿ ਨਿਹਚਾ ਦੀ ਨਾਕਾਮੀ ਬਰਬਾਦੀ ਦਾ ਕਾਰਣ ਬਣ ਸਕਦੀ ਹੈ।

3:12–19 ਵਿਚ ਉਸ ਦੇ ਸਾਰੇ ਸੰਦੇਸ਼ ਨੂੰ ਚਾਰ ਛੋਟੇ ਛੋਟੇ ਉਪਦੇਸ਼ਾਂ ਵਿਚ ਵੰਡਿਆ ਜਾ ਸਕਦਾ ਹੈ। ਉਹ ਆਪਣੇ ਪਾਠਕਾਂ ਨੂੰ ਪਾਪ ਦੇ ਖ਼ਤਰੇ ਤੋਂ ਬਚਣ ਲਈ ਬੇਨਤੀ ਕਰ ਰਿਹਾ, ਉਤਸਾਹਿਤ ਕਰ ਰਿਹਾ ਅਤੇ ਨਿਹਚਾ ਦੁਆ ਰਿਹਾ ਸੀ।

**ਆਇਤ 12.** ਪਹਿਲਾਂ ਉਸ ਨੇ ਆਖਿਆ, **ਵੇਖਣਾ** (*blepō*)। ‘‘ਚੌਂਕਸ’’ ਜਾਂ ‘‘ਸਾਵਧਾਨ’’ ਰਹਿਣ ਦੀ ਬੇਨਤੀ (NKJV) ਇਹ ਵਿਖਾਉਣਾ ਹੈ ਕਿ ਖ਼ਤ ਧਰਮ ਪੁਸਤਕ ਲੇਖ ਤੋਂ ਵਧ ਕੇ ਹੈ; ਇਹ ਇਕ ਯਾਦਗਾਰੀ ਪ੍ਰਚਾਰ ਹੈ। ਦਿੱਤਾ ਗਿਆ ਡਾਕਟ੍ਰਿਨ ਦਾ ਹਰ ਵਿਸ਼ਾ ਤਾੜਨਾ ਦੇ ਨਾਲ ਬਰਾਬਰ ਕੀਤਾ ਗਿਆ ਹੈ। ਇੱਥੇ ਆਗਿਆਵਾਚਕ ਰੂਪ ਉਸ ਦੇ ਆਦੇਸ਼ ਨੂੰ ਸਹੀ ਹੋਣ ਵਿਖਾਉਂਦਾ ਹੈ।

ਪਵਿੱਤਰ ਆਤਮਾ ਨੇ ਜ਼ਬੂਰ 95:7–11 (ਜਿਵੇਂ ਇਬਰਾਨੀਆਂ 3:7–11 ਵਿਚ ਦੁਹਰਾਇਆ ਗਿਆ ਹੈ) ਜਸੂਸਾਂ ਦੇ ਵਾਪਸ ਆਉਣ ਤੇ ਜਿਨ੍ਹਾਂ ਨੇ ਵਾਅਦਾ ਕੀਤੇ ਹੋਏ ਦੇਸ਼ ਨੂੰ ਵੇਖਿਆ ਸੀ, ਕਾਦੇਸ਼ ਬਰਨੇ ਦੀਆਂ ਘੱਟਨਾਵਾਂ ਦੀ ਗੱਲ ਕੀਤੀ (ਗਿਣਤੀ 14:28–30)। ਇਸ ਘੱਟਨਾ ਵਿਚ ਅਸੀਂ ਅੱਜ ਆਪਣੇ ਲਈ ਧਿਆਨ ਦੇਣ ਅਤੇ ਲਾਗੂ ਕਰਨ ਲਈ ਕਈ ਚਿਤਾਵਨੀਆਂ ਨੂੰ ਵੇਖਦੇ ਹਾਂ। ਪਹਿਲੀ ਤਾਂ ਇਹ ਕਿ ਮਸੀਹੀ ਲੋਕ ਬੇਦੀਨੀ ਦੇ ਖ਼ਤਰੇ ਵਿਚ ਹਨ ਭਾਵ ਅਸੀਂ ਕਿਰਪਾ ਤੋਂ ਡਿੱਗ ਸਕਦੇ ਹਾਂ। ਦੂਜੀ ਇਹ ਕਿ ਇਹ ਖ਼ਤਰਾ ਬੇਪਰਤੀਤੀ ਨਾਲ ਵੱਧਦਾ ਹੈ। ਬੇਪਰਤੀਤੀ ਵਿਚ ਜਾਣਾ ਸਿਰਫ਼ ਕੁਝ ਤੱਥਾਂ ਨੂੰ

ਮਾਨਸਿਕ ਰੂਪ ਵਿਚ ਨਕਾਰਨ ਨਾਲ ਨਹੀਂ ਹੁੰਦਾ। ਅਸਲ ਵਿਚ ਹੋ ਸਕਦਾ ਹੈ ਕਿ ਕੋਈ ਵਿਸਵਾਸ ਵਿਚ ਬਣਿਆ ਰਹਿਣ ਦੇ ਬਾਵਜੂਦ ਨਿਹਚਾ ਨੂੰ ਛੱਡਣ ਤੋਂ ਬਚਣ ਲਈ ਐਨਾਂ ਮਜ਼ਬੂਤ ਨਾ ਹੋਏ।

ਇਬਰਾਨੀਆਂ ਵਿਚ ''ਵਿਸ਼ਵਾਸ'' ਦਾ ਅਰਥ ਖ਼ੁਦਾ ਦੇ ਵਾਅਦੇ ਦੇ ਪੂਰਾ ਹੋਣ ਲਈ ਉਮੀਦ ਨਾਲ ਰਾਹ ਵੇਖਣਾ ਹੈ (11:13)। ਵਿਸਵਾਸ ਦਬਾਅ ਵਿਚ ''ਪਿਛਾਹਾਂ'' ਨਹੀਂ ਹਟੇਗਾ (ਵੇਖੋ 10:38) ਇਸ ਵਿਚ ਮਨ ਦੀਆਂ ਭਾਵਨਾਵਾਂ ਅਤੇ ਸਚਿਆਈ ਨੂੰ ਸਮਝਦਾਰੀ ਨਾਲ ਮੰਨਣਾ ਸ਼ਾਮਿਲ ਹੈ (11:1)। ਆਇਤ 12 ਵਿਚ ਦੱਸਿਆ ਗਿਆ ਬੇਪਰਤੀਤ ਨਿਹਚਾ ਨੂੰ ਜਾਣ ਬੁਝ ਕੇ ਨਾ ਮੰਨਣਾ ਹੈ।[14]

ਬੇਪਰਤੀਤੀ ਕਠੋਰ ਮਨ ਦਾ ਕਾਰਣ ਬਣਦਾ ਹੈ। ਨਵੇਂ ਨੇਮ ਵਿਚ **ਦਿਲ** ਵਿਚ ਵਿਚਾਰਾਂ, ਇੱਛਾ, ਭਾਵਨਾਤਮਕ ਭਾਵਨਾਵਾਂ ਸਹਿਤ ਮਨ ਦੀ ਬੁੱਧ ਸ਼ਾਮਿਲ ਹੈ (ਵੇਖੋ ਮੱਤੀ 22:34–40)। 3:1 ਵਿਚ ਮਨ ਦੀ ਚੌਕਸੀ ਕਰਨ ਦੀ ਲੇਖਕ ਦੀ ਅਪੀਲ ''ਯਿਸੂ ਵੱਲ ਧਿਆਨ ਕਰੋ'' ਜਾਂ ਉਸ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਬੁਲਾਹਟ ਨਾਲ ਹੋਈ ਹੈ।

ਬੇਪਰਤੀਤੀ ਦਾ ਕਾਰਣ **ਬੁਰਾ** ਦਿਲ ਹੀ ਹੁੰਦਾ ਹੈ। ਬੇਪਰਤੀਤਾ ਆਦਮੀ ਖ਼ਰਾਬ ਹੀ ਨਹੀਂ ਬਲਕਿ ''ਬੁਰਾ'' (*ponēros*) ਹੈ। ਉਹ ਬੁਰਾ ਕਰਨਾ ਚਾਹੁੰਦਾ ਹੈ ਇਸ ਕਾਰਣ ਉਸ ਦਾ ਮਨ ਪਾਪ ਨਾਲ ਬਿਮਾਰ ਹੈ ਅਤੇ ਉਸ ਵਿਚ ਬੇਪਰਤੀਤੀ ਵੱਧਦੀ ਜਾਂਦੀ ਹੈ। ਪਾਪੀ ਦੇ ਰੂਪ ਵਿਚ ਜਨਮ ਲੈਣ ਅਤੇ ਮੂਲ ਪਾਪ ਵਿਚ ਸ਼ੁਰੂ ਹੋਏ ਜਨਮ ਕਰਕੇ ਹੇਠਲੇ ਦਰਜੇ ਵੱਲ ਵੱਧਦੇ ਰਹਿਣ ਕਰਕੇ ਨਹੀਂ ਹਨ। ਕੈਲਵਿਨਵਾਦ ਦੀ ਸਿੱਖਿਆ, ''ਮਨੁੱਖ ਪਾਪ ਕਰਦਾ ਹੈ ਕਿਉਂਕਿ ਉਹ ਪਾਪੀ ਜੰਮਿਆ ਸੀ।'' ਆਇਤ 12 ਇਹ ਐਲਾਨ ਕਰਦੀ ਹੈ ਕਿ ਮਨੁੱਖ ਆਪਣੀ ਬੇਪਰਤੀਤੀ ਕਰਕੇ ਬੁਰਿਆਈ ਨੂੰ ਚੁਣਦਾ ਹੈ ਅਤੇ, ਹੋਰ ਬੁਰਾ ਬਣ ਜਾਂਦਾ ਹੈ ਕਿਉਂਕਿ ਓਹ ਬੇਪਰਤੀਤੇ ਵਿਹਾਰ ਵਿਚ ਬਣਿਆ ਰਹਿੰਦਾ ਹੈ।

ਸਾਨੂੰ ਆਪਣੇ ਨਾਲ ਇੰਜ ਹੋਣ ਦੇਣ ਲਈ ''ਵੇਖਦੇ'' ਰਹਿਣ ਦੀ ਚਿਤਾਵਨੀ ਦਿੱਤੀ ਗਈ ਹੈ। ਅਸੀਂ ਬੇਪਰਤੀਤੇ ਨਹੀਂ ਜੰਮੇ ਸਾਂ, ਜੋ ਆਪਣੀ ਮਦਦ ਨਹੀਂ ਕਰ ਸਕਦੇ ਹਾਂ। ਮਸੀਹੀ ਲੋਕ ਜੇ ਸਾਵਧਾਨ ਨਹੀਂ ਹਨ ਤਾਂ ਉਹ ਇਸ ਨਿਰਾਸ਼ਾ ਵਿਚ ਵੱਧ ਸਕਦੇ ਹਨ ਅਤੇ ਉਨ੍ਹਾਂ ਦਾ ਦਿਲ ਅਜਿਹਾ ਹੋ ਸਕਦਾ ਹੈ ਜਿਹੜੇ **ਜੀਉਂਦੇ ਪਰਮੇਸ਼ੁਰ ਤੋਂ ਬੇਮੁਖ ਹੋਣ**। ਰੋਮੀਆਂ 11:20, 23 ਵਿਚ ਯੂਨਾਨੀ ਸ਼ਬਦ ਦਾ ਅਨੁਵਾਦ ''ਬੇਮੁੱਖ ਹੋਣ'' ਦੀ ਵਰਤੋਂ ਹੋਈ ਹੈ ਜਿੱਥੇ ਪੌਲੁਸ ਨੇ ਇਸਰਾਏਲੀਆਂ ਦੇ ਵਿਸ਼ਵਿਆਤਿਆਗ ਅਤੇ ਨਿਹਚਾ ਕਰਨ ਤੋਂ ਇਨਕਾਰ ਦੀ ਗੱਲ ਕੀਤੀ।

**ਆਇਤ 13.** ਦੂਰ ਹਟਣ ਦੇ ਖ਼ਤਰਨਾਕ ਨਤੀਜਿਆਂ ਤੋਂ ਬਚਨ ਲਈ ਮਸੀਹੀ ਲੋਕਾਂ ਨੂੰ ਹਰ ਦਿਨ ਇਕ ਦੂਏ ਨੂੰ ਉਪਦੇਸ਼ ਕਰਦੇ ਰਹਿਣਾ ਜ਼ਰੂਰੀ ਹੈ। ਇਹ ਆਇਤ ਇਬਰਾਨੀਆਂ 10:25 ਉੱਤੇ ਟੀਕੇ ਦਾ ਕੰਮ ਕਰਦੀ ਹੈ। ਉੱਥੇ ਦਿੱਤੇ ਗਏ ਉਤਸਾਹ ਦੀ ਚਰਚਾ ਉਨ੍ਹਾਂ ਲੋਕਾਂ ਵੱਲੋਂ ਜਿਹੜੇ ਦੂਰ ਹੋ ਸਕਦੇ ਸਨ ਨਿੱਤ ਕਰਨੀ ਜ਼ਰੂਰੀ ਹੈ, ਪਰ ਇਹ ਸਾਡੇ ਸਾਰਿਆਂ ਲਈ ਫ਼ਾਇਦੇਮੰਦ ਹੈ। ਸਾਨੂੰ ਜਦ ਵੀ ਮੌਕਾ ਮਿਲੇ ਇਕ ਦੂਜੇ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ, ਕਿਉਂਕਿ ਇਸ ਨਾਲ ਨਿਹਚਾ ਵਿਚ ਬਣੇ ਰਹਿਣ ਵਿਚ ਇਕ ਦੂਜੇ ਨੂੰ ਮਦਦ ਮਿਲਦੀ ਹੈ। ਜਿਵੇਂ ਕਿ ਅਸੀਂ ਵੇਖਾਂਗੇ, 10:25 ਦਾ ਅਰਥ ''ਹੋਰ ਜ਼ਿਆਦਾ ਇਕੱਠਾ ਹੋਣ ਲਈ ਉਤਸਹਿਤ'' ਕਰਨ ਦੇ ਇਲਾਵਾ ''ਹੋਰ ਜ਼ਿਆਦਾ ਉਤਸਾਹਿਤ ਕਰਨ ਲਈ ਇਕੱਠਾ'' ਹੋਣਾ ਹੈ।

ਖ਼ਤਰਾ ਹੋਰ ਜ਼ਿਆਦਾ ਹੋਣ ਕਰਕੇ ਹੋਰ ਉਤਸਾਹ ਦਿੱਤਾ ਜਾਣਾ ਜ਼ਰੂਰੀ ਹੈ। ਇਸ ਦੀ ਲੋੜ ਉੱਤੇ ਜੋਰ **ਜਿੰਨਾ ਚਿਰ ਅੱਜ ਦਾ ਦਿਨ ਆਖੀਦਾ ਹੈ,** ਤੋਂ ਦਿੱਤਾ ਗਿਆ ਹੈ। ਕਿਸੇ ਆਤਮਾ ਦਾ ਭਵਿੱਖ ਇਸ ਉੱਤੇ ਨਿਰਭਰ ਹੋ ਸਕਦਾ ਹੈ ਕਿ ਤੁਸੀਂ ਅੱਜ ਕੀ ਕੀਤਾ। ਨਿਹਚਾ ਤੋਂ ਬਾਹਰ ਯਹੂਦੀਆਂ ਵੱਲੋਂ ਯਹੂਦੀ ਮਸੀਹੀ ਲੋਕਾਂ ਉੱਤੇ ਦਬਾਅ ਉਨ੍ਹਾਂ ਨੂੰ ਖਿੱਚ ਰਿਹਾ ਹੋ ਸਕਦਾ ਹੈ ਜਿਸ ਨਾਲ ਉਹ ਮਸੀਹ ਨੂੰ ਛੱਡ ਕੇ ਫਿਰ ਤੋਂ ਯਹੂਦੀ ਮਤ ਦੀ ਸੇਵਾ ਵਿਚ ਜਾਣ ਦੇ ਲਾਲਚ ਵਿਚ ਪੈ ਰਹੇ ਹੋਣਗੇ।

ਜਿਵੇਂ ਕਿ ਗਲਾਤੀਆਂ 6:1, 2 ਵਿਚ ਪੌਲੁਸ ਨੇ ਬੇਨਤੀ ਕੀਤੀ ਹੈ ਅਸੀਂ ''ਤੁਸੀਂ ਇਕ ਦੂਏ ਦਾ

ਭਾਰ ਚੁੱਕ ਲਵੋ ਅਤੇ ਇਉਂ ਮਸੀਹ ਦੀ ਸ਼ਰਾ ਨੂੰ ਪੂਰਿਆਂ ਕਰੋ।'' ਯਾਕੂਬ ਨੇ ਸਾਨੂੰ ਯਾਦ ਦੁਆਇਆ ਹੈ ਕਿ ਉਹ ਭਟਕੇ ਹੋਏ ਭਾਈ ਨੂੰ ਵਾਪਸ ਲਿਆ ਕੇ ਅਸਲ ਵਿਚ ''ਇਕ ਜਾਨ ਨੂੰ ਮੌਤ ਤੋਂ ਬਚਾਵੇਗਾ'' ਹੈ (ਯਾਕੂਬ 5:19, 20), ਜਿਸ ਦਾ ਬਹੁਤ ਹੱਦ ਤਕ ਅਰਥ ਉਸ ਨੂੰ ਕਬਰ ਤੋਂ ਸਰੀਰਕ ਜੀਵਨ ਨਾਲ ਬਚਾਉਣਾ ਨਹੀਂ ਹੈ। ਸਗੋਂ ਲੇਖਕ ਸਦਾ ਦੇ ਘਾਟੇ ਵਾਲੀ ਮੌਤ ਦੀ ਗੱਲ ਕਰ ਰਿਹਾ ਸੀ। ਜੇ ਅਸੀਂ ਇੰਜ ਮਦਦ ਨਹੀਂ ਕਰ ਪਾਉਂਦੇ ਤਾਂ ਮਸੀਹ ਵਿਚ ਇਕ ਭਾਈ **ਪਾਪ ਦੇ ਧੋਖੇ ਨਾਲ ਕਠੋਰ** ਹੋ ਸਕਦਾ ਹੈ।

ਪਾਪ ਧੋਖੇਬਾਜ਼ ਹੈ ਕਿਉਂਕਿ ਇਹ ਆਨੰਦ ਦੇਣ ਵਾਲਾ ਹੋਣ ਦੀ ਓਟ ਵਿਚ ਆਉਂਦਾ ਹੈ। ਪਾਪ ਵਿਚ ਉਸ ਤੋਂ ਵਧ ਕੇ ਵਚਨ ਦੇਣ ਦੀ ਤਾਕਤ ਹੈ, ਜਿਹੜਾ ਇਹ ਦੇ ਸਕਦਾ ਹੈ। ਇਹ ਪੂਰੀ ਤਰ੍ਹਾਂ ਨਾਲ ਸ਼ਰਾਬੀ, ਨਸ਼ੇੜੀ ਜਾਂ ਇਕ ਆਮ ਆਨੰਦ ਦੇ ਖੋਜੀ ਵਿਚ ਵੇਖਿਆ ਜਾਂਦਾ ਹੈ ਜਿਹੜਾ ਆਪਣੀ ਉਨ੍ਹਾਂ ਗਤੀਵਿਧੀਆਂ ਦੇ ਨਤੀਜਿਆਂ ਨੂੰ ਧਿਆਨ ਨਾਲ ਵਿਚਾਰ ਕਰਨ ਲਈ ਵਕਤ ਨਹੀਂ ਦਿੰਦਾ ਹੈ। ਮਸੀਹ ਦੇ ਬਾਹਰ ਹਮੇਸ਼ਾ ਰਹਿਣ ਵਾਲਾ ਆਨੰਦ ਕੋਈ ਨਹੀਂ ਹੋ ਸਕਦਾ। ਪਾਪ ਦੀ ਮਜਦੂਰੀ ਨਾ ਸਿਰਫ਼ ਮੌਤ ਹੈ ਸਗੋਂ ਉਨ੍ਹਾਂ ਆਦਤਾਂ ਦੇ ਆਦੀ ਹੋ ਜਾਣਾ ਵੀ ਹੈ ਜਿਨ੍ਹਾਂ ਵਿਚ ਕੋਈ ਫਸਿਆ ਹੁੰਦਾ ਹੈ।

ਆਇਤ 12 ਵਿਚ ਦੱਸਿਆ ਗਿਆ ਖ਼ਤਰਾ ''ਜੀਉਂਦੇ ਪਰਮੇਸ਼ੁਰ'' ਤੋਂ ਦੂਰ ਹੋ ਜਾਣ ਦਾ ਹੈ। ਮਸੀਹ ਅਤੇ ਉਸਦੇ ਰਸੂਲਾਂ ਵੱਲੋਂ ਜਿਨ੍ਹਾਂ ਨੇਮਾਂ ਦੀ ਪੈਰਵੀ ਕੀਤੀ ਗਈ, ਉਨ੍ਹਾਂ ਨੂੰ ਛੱਡ ਦੇਣ ਦਾ ਅਰਥ ਸਿਰਫ਼ ਮਸੀਹ ਨੂੰ ਛੱਡਣਾ ਹੀ ਨਹੀਂ, ਸਗੋਂ ਖ਼ੁਦਾ ਤੋਂ ਦੂਰ ਹੋਣਾ ਵੀ ਹੈ। ਇਸ ਲਈ ਮਸੀਹ ਵਿਚ ਇਸੇ ਦੀ ਜ਼ਿੰਦਗੀ ਭਗਤੀ ਭਰੇ ਜੀਵਨ ਦੀਆਂ ਸ਼ਰਤਾਂ ਬਾਰੇ ਉਸ ਦੇ ਨਿਹਚਾ ਨਾਲ ਜੁੜਿਆ ਹੋਇਆ ਹੈ। ਜਿਹੜੇ ਲੋਕ ''ਕਾਮੁਕਤਾ'' ਵਿਚ ''ਕਠੋਰ'' ਹੋ ਜਾਂਦੇ ਹਨ, ਉਨ੍ਹਾਂ ਲਈ ਪੌਲੁਸ ਨੇ ਆਖਿਆ, ''ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ'' (ਅਫ਼ਸੀਆਂ 4:19, 20)। ਜਦ ਕੋਈ ''ਮਸੀਹ ਦੀ ਸਿੱਖਿਆ'' ਪਾਉਂਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਜੀਉਣਾ ਕਿਵੇਂ ਹੈ ਅਤੇ ਆਪਣੇ ਆਪ ਨੂੰ ਕਾਮੁਕਤਾ ਲਈ ਖਾਲੀ ਨਹੀਂ ਕਰਦਾ ਹੈ, ਜੋ ਕਿ ਅਫ਼ਸੀਆਂ 4 ਦੇ ਹਵਾਲੇ ਤੋਂ ਸਪੱਸ਼ਟ ਹੈ। ਇੰਜ ਮਸੀਹ ਬਾਰੇ ਜੋ ਸਾਨੂੰ ਪਤਾ ਲਗਦਾ ਹੈ ਉਹ ਇਹ ਤੈਅ ਕਰਦਾ ਹੈ ਕਿ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਵੇ।

ਕਝ ਲੋਕਾਂ ਨੇ ਆਖਿਆ ਹੈ, ''ਅਹਿਮ ਇਹ ਨਹੀਂ ਹੈ ਕਿ ਤੁਸੀਂ ਕੀ ਕਰਦੇ ਹੋ, ਸਗੋਂ ਇਹ ਹੈ ਕਿ ਮਸੀਹ ਨਾਲ ਤੁਹਾਡਾ ਸਬੰਧ ਕਿਵੇਂ ਦਾ ਹੈ''; ''ਜਦ ਤਕ ਯਿਸੂ ਦੇ ਨਾਲ ਤੁਹਾਡਾ ਨਿੱਜੀ ਸਬੰਧ ਹੈ, ਤੁਹਾਡੇ ਕੰਮਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ''; ਜਾਂ ''ਮਹੱਤਵ ਇਸ ਗੱਲ ਦਾ ਨਹੀਂ ਹੈ ਕਿ ਤੁਸੀਂ ਕੀ ਕਰਦੇ ਹੋ ਸਗੋਂ ਇਸ ਦਾ ਹੈ ਕਿ ਤੁਸੀਂ ਕੀ ਹੋ।'' ਜੋ ਕੁਝ ਅਸੀਂ ਕਰਦੇ ਹਾਂ ਉਹ ਉਸ ਦਾ ਜਿਹੜਾ ਸਾਡੇ ਮਨਾਂ ਵਿਚ ਹੈ ਜ਼ਬਰਦਸਤ ਸੰਕੇਤ ਹੈ, ਜਿਵੇਂ ਸਾਡੀ ਬੋਲਚਾਲ ਤੋਂ ਪਤਾ ਲਗਦਾ ਹੈ ਕਿ ਅਸੀਂ ਅਸਲ ਵਿਚ ਕਿਵੇਂ ਦੇ ਮਨੁੱਖ ਹਾਂ। ਇਸ ਤੋਂ ਪਤਾ ਚੱਲ ਜਾਂਦਾ ਹੈ ਕਿ ਸਾਨੂੰ ''ਹਰੇਕ ਗੱਲ ਦਾ ਹਿਸਾਬ'' ਕਿਉਂ ਦੇਣਾ ਪਵੇਗਾ (ਮੱਤੀ 12:36, 37)। ਸਾਡੇ ਵਚਨ ਪਾਠ ਤੋਂ ਪਤਾ ਲਗਦਾ ਹੈ ਕਿ ਅਸੀਂ ਜੋ ਕੁਝ ਕਰਦੇ ਹਾਂ, ਉਹੀ ਹੁੰਦਾ ਹੈ; ਜੇ ਅਸੀਂ ਉਹ ਕਰਦੇ ਹਾਂ ਜੋ ਮਸੀਹ ਉਲਟ ਹੈ ਤਾਂ ਅਸਾਂ ਉਸ ਨੂੰ ਤਿਆਗ ਦਿੱਤਾ ਹੈ ਅਤੇ ਜੀਉਂਦੇ ਖ਼ੁਦਾ ਤੋਂ ਦੂਰ ਹੋ ਗਏ ਹਾਂ। ਕੋਈ ਆਪਣੇ ਆਪ ਨੂੰ ਉਸ ਤੋਂ ਵੱਖ ਨਹੀਂ ਕਰ ਸਕਦਾ ਜਿਹੜਾ ਉਹ ਕਰਦਾ ਹੈ। ਅਜਿਹਾ ਕਿਆਫ਼ਾ ਹੁਸ਼ਿਆਰੀ ਭਰਿਆ ਲਗਦਾ ਹੈ ਪਰ ਇਸ ਵਿਚ ਬਾਈਬਲ ਦਾ ਕੋਈ ਸਾਰ ਨਹੀਂ ਹੈ। ਅਸੀਂ ਜੀਉਣ ਦੇ ਢੰਗ ਦੀਆਂ ਉਸ ਦੀਆਂ ਸਿੱਖਿਆਵਾਂ ਨੂੰ ਜਾਣਨ ਨਾਲ ''ਮਸੀਹ ਨੂੰ ਜਾਣਨ'' (2 ਕੁਰਿੰਥੀਆਂ 5:16) ਤੋਂ ਵੱਖ ਨਹੀਂ ਕਰ ਸਕਦੇ।

ਇਬਰਾਨੀਆਂ ਵਿਚ ਇੱਥੋਂ ਤਕ ਦੋ ਚਿਤਾਵਨੀਆਂ ਵੇਖੀਆਂ ਗਈਆਂ ਹਨ। ਪਹਿਲੀ, ਸਾਡੇ ਤੋਂ ਦੂਰ ਜਾਣ ਦੇ ਖ਼ਤਰੇ ਵਿਚ ਹੈ ਜਿਹੜੀ ਉਦਾਸੀਨ ਦਾ ਸੁਝਾਅ ਦਿੰਦੀ ਹੈ (2:1–4)। ਦੂਜਾ ਖ਼ਤਰਾ ਵਿਸਵਾਸ ਦੀ ਕਮੀ ਅਤੇ ਉਸ ਦੇ ਬਾਅਦ ਆਗਿਆ ਨਾ ਮੰਨਣ ਦਾ ਹੈ (3:12, 13)।[15] ਇਬਰਾਨੀਆਂ ਦੇ ਪੂਰਵਜਾਂ ਨੇ ਪਹਿਲਾਂ ਵਿਰੋਧ ਦੀ ਹੱਦ ਕਰ ਦਿੱਤੀ ਸੀ ਅਤੇ ਖ਼ੁਦਾ ਦੀ ਸਮਰੱਥਾ ਨੂੰ ਨਜ਼ਰਅੰਦਾਜ਼ ਕੀਤਾ ਸੀ ਜਿਹੜੀ ਉਨ੍ਹਾਂ ਨੂੰ ਸਾਫ਼ ਤੌਰ ਤੇ ਮੁਹੱਈਆ ਕਰਵਾਈ ਗਈ ਸੀ। ਇੰਜ ਕਰਕੇ ਉਨ੍ਹਾਂ ਨੇ

ਵਾਅਦਾ ਕੀਤੇ ਹੋਏ ਫ਼ਾਇਦੇ ਨੂੰ ਗੁਆ ਦੇਣਾ ਸੀ। ਨਿਹਚਾ ਦੀ ਉਨ੍ਹਾਂ ਦੀ ਘਾਟ ਨੇ ਉਨ੍ਹਾਂ ਨੂੰ ਆਗਿਆ ਨਾ ਮੰਨਣ ਵਾਲੇ ਬਣਾ ਦਿੱਤਾ ਸੀ ਜਿਹੜਾ ਉਨ੍ਹਾਂ ਦੇ ਨਾਸ ਦਾ ਕਾਰਣ ਬਣਿਆ।

**ਆਇਤਾਂ 14, 15. ਮਸੀਹ ਵਿਚ ਸਾਂਝੀ** (ਆਇਤ 14) ਹੋਣ ਕਰਕੇ ਅਸੀਂ ਅਸਲ ਵਿਚ ਮਸੀਹ "ਵਿਚ ਸਾਂਝੀ" (NIV; RSV; ESV) ਹਾਂ ਜਾਂ ਆਪਣੇ ਨਿਹਚਾ ਨੂੰ ਫੜੀ ਰੱਖ ਕੇ ਉਸ ਦੇ "ਹਿੱਸੇਦਾਰ" (NRSV; ISV) ਬਣ ਜਾਂਦੇ ਹਾਂ। ਪਵਿੱਤਰ ਲੋਕਾਂ ਦੇ ਰੂਪ ਵਿਚ ਬਪਤਿਸਮੇ ਵਿਚ ਉਸ ਨਾਲ ਇਕ ਹੋ ਕੇ ਮੁਕਤੀਦਾਤੇ ਨਾਲ ਸਾਨੂੰ ਰੂਹਾਨੀ ਰੂਪ ਵਿਚ ਇਕ ਕੀਤਾ ਗਿਆ ਹੈ (ਰੋਮੀਆਂ 6:3)। ਅਸੀਂ ਮਸੀਹ ਦੇ ਰਾਜ ਜਿਸ ਨੂੰ ਹਲਾਇਆ ਨਹੀਂ ਜਾ ਸਕਦਾ ਵੱਡੀਆਂ ਬਰਕਤਾਂ ਵਿਚ ਉਸ ਦੇ ਨਾਲ ਸਾਂਝੀ ਬਣ ਜਾਂਦੇ ਹਾਂ (ਇਬਰਾਨੀਆਂ 12:28)। ਜੇ ਅਸੀਂ ਇਕ ਟੀਚੇ ਨੂੰ ਹਾਸਿਲ ਕਰ ਲੈਂਦੇ ਹਾਂ ਤਾਂ ਅਸੀਂ 1 ਕੁਰਿੰਥੀਆਂ 1:10 ਵਿਚ ਦੱਸੀ ਗਈ ਆਗਿਆ ਅਨੁਸਾਰ ਉਹੀ ਗੱਲਾਂ ਬੋਲਾਂਗੇ ਅਤੇ ਰੂਹਾਨੀ ਰੂਪ ਵਿਚ ਇਕ ਹੋਵਾਂਗੇ।

ਰਸੂਲਾਂ ਦੇ ਲਈ ਅਤੇ ਸਾਡੇ ਲਈ ਆਪਣੀ ਦੁਆ ਵਿਚ ਯਿਸੂ ਨੇ ਮਸੀਹੀ ਲੋਕਾਂ ਲਈ "ਸਾਡੇ ਵਿਚ" ਭਾਵ ਖ਼ੁਦਾ ਅਤੇ ਮਸੀਹ ਵਿਚ ਇਕ ਹੋਣ ਦੇ ਟੀਚੇ ਨੂੰ ਦੱਸਿਆ (ਯੂਹੰਨਾ 17:20, 21)। ਬਹੁਤ ਸਾਰੇ ਲੋਕ ਇਹ ਮੰਨ ਲੈਂਦੇ ਹਨ ਕਿ ਧਾਰਮਿਕ ਜਗਤ ਦੀ ਫੁਟ ਇਹ ਸਾਬਿਤ ਕਰਦੀ ਹੈ ਕਿ ਪਵਿੱਤਰ ਲਿਖਤ ਨੂੰ ਸਮਝਣ ਦਾ ਕਲੀਸੀਆ ਦਾ ਤਰੀਕਾ ਗਲਤ ਹੈ। ਉਹ ਇਸ ਵਿਚਾਰ ਦੀ ਵਕਾਲਤ ਕਰਦੇ ਹਨ ਕਿ ਸਾਨੂੰ ਡਾਕਟ੍ਰਿਨ ਦੇ ਮਤਭੇਦਾਂ ਨੂੰ ਇਕ ਪਾਸੇ ਕਰਕੇ ਭਾਵ "ਛੋਟੀਆਂ ਮੋਟੀਆਂ ਗੱਲਾਂ" ਨੂੰ ਨਜ਼ਰਅੰਦਾਜ਼ ਕਰਕੇ ਇਕ ਹੋ ਜਾਣਾ ਚਾਹੀਦਾ ਹੈ। ਭਲਾ ਯਿਸੂ ਨੇ ਆਪਣੀ ਦੁਆ ਵਿਚ ਅਜਿਹੀ ਏਕਤਾ ਦੀ ਕਲਪਨਾ ਕੀਤੀ ਸੀ? ਫੁਟ ਆਮ ਤੌਰ ਤੇ ਬਾਈਬਲ ਵਿਚ ਜੋੜਨ ਦੇ ਕਾਰਣ ਹੁੰਦੀ ਹੈ। ਸਿਰਫ਼ ਬਾਈਬਲ ਦੇ ਅਧਾਰ ਤੇ ਅਸੀਂ ਇਕ ਹੋ ਸਕਦੇ ਹਾਂ ਅਤੇ ਪੂਰੀ ਤਰ੍ਹਾਂ ਨਾਲ ਮਸੀਹ ਦੇ ਨਾਲ ਸਾਂਝੀ ਹੋ ਸਕਦੇ ਹਾਂ।

ਅੱਜ ਅਸੀਂ ਵੀ ਇਮਤਿਹਾਨ ਦੀ ਸਥਿਤੀ ਵਿਚ ਹਾਂ। ਇਹ ਯਕੀਨੀ ਕਰਨ ਲਈ ਕਿ ਅੰਤ ਵਿਚ ਸਾਨੂੰ ਉਹ ਸਭ ਮਿਲ ਜਾਵੇਗਾ, ਜਿਹੜਾ "ਯਿਸੂ ਵਿਚ ਸਾਂਝੀ" ਹੋਣ ਵਾਲਿਆਂ ਲਈ ਹੈ, ਸਾਨੂੰ **ਤਕੜਾਈ ਨਾਲ ਫੜੀ** ਰੱਖਣਾ ਜ਼ਰੂਰੀ ਹੈ। ਪੌਲੁਸ ਨੇ ਭਰੋਸਾ ਦਿੱਤਾ ਕਿ ਇੰਜੀਲ ਉਨ੍ਹਾਂ ਨੂੰ ਬਚਾਉਂਦੀ ਹੈ ਜਿਹੜੇ ਇਸ ਵਿਚ ਬਣੇ ਰਹਿੰਦੇ, ਇਸ ਨੂੰ ਫੜੀ ਰੱਖਦੇ ਅਤੇ ਜਿਨ੍ਹਾਂ ਨੇ ਬੇਕਾਰ ਨਿਹਚਾ ਨਹੀਂ ਕੀਤਾ ਹੈ (1 ਕੁਰਿੰਥੀਆਂ 15:1, 2)। "ਬੇਕਾਰ" ਨਿਹਚਾ ਕਰਨ ਦਾ ਅਰਥ ਇਹ ਹੋਵੇਗਾ ਕਿ ਕੋਈ ਆਪਣੇ ਨਿਹਚਾ ਨੂੰ ਛੱਡ ਦਿੰਦਾ ਹੈ ਜਾਂ ਅਖ਼ੀਰ ਤਕ ਇਸ ਵਿਚ ਬਣਿਆ ਨਹੀਂ ਰਹਿੰਦਾ। ਅਸੀਂ ਨਜ਼ਰਅੰਦਾਜ਼ੀ ਜਾਂ ਆਗਿਆ ਨਾ ਮੰਨਣ ਕਰਕੇ ਮਸੀਹ ਨਾਲ ਆਪਣੀ ਏਕਤਾ ਨੂੰ ਗੁਆ ਸਕਦੇ ਹਾਂ (ਵੇਖੋ 2:1; 3:12, 13)। ਸਾਨੂੰ "ਤਕੜਾਈ ਨਾਲ ਫੜੀ" ਰੱਖਣਾ ਜ਼ਰੂਰੀ ਹੈ ਨਹੀਂ ਤਾਂ ਅਸੀਂ ਆਪਣੇ ਮੁਕਟ ਨੂੰ ਗੁਆ ਦੇਵਾਂਗੇ (ਪ੍ਰਕਾਸ਼ ਦੀ ਪੋਥੀ 3:11), ਜਿਸ ਦਾ ਅਰਥ ਇਹ ਹੈ ਕਿ ਕੋਈ ਸਾਡੇ ਮੁਕਟ ਨੂੰ ਖੋਹ ਸਕਦਾ ਹੈ।

ਸਾਨੂੰ ਕਿਸ ਗੱਲ ਨੂੰ "ਤਕੜਾਈ ਨਾਲ ਫੜੀ" ਰੱਖਣਾ ਹੈ? ਇਹ ਸਿਰਫ਼ ਧਰਮ ਨੂੰ ਮੰਨਣਾ ਹੀ ਹੈ–ਕੋਈ ਧਰਮ ਨੂੰ ਮੰਨਣ ਵਾਲਾ ਹੋਣ ਦਾ ਵਿਖਾਵਾ ਕਰ ਸਕਦਾ ਹੈ ਜਦ ਕਿ ਅਸਲ ਵਿਚ ਉਹ ਧਰਮੀ ਨਾ ਹੋਵੇ। ਇਹ ਕਿਸੇ ਪੱਖ ਜਾਂ ਡਰ ਲਈ ਜੋਸ਼ ਨਹੀਂ ਹੈ। ਕੋਈ ਫ਼ਰੀਸੀ ਵਾਂਗ ਅਜਿਹਾ ਜੋਸ਼ ਵਿਖਾ ਸਕਦਾ ਹੈ, ਜਿਹੜਾ ਸਿਰਫ਼ ਆਪਣੇ ਅਹੁਦੇ ਦੀ ਹੀ ਚਿੰਤਾ ਕਰਦਾ ਹੋਵੇ ਅਤੇ ਮਸੀਹ ਅਤੇ ਉਸ ਦੀ ਕਲੀਸੀਆ ਦੀ ਭਲਿਆਈ ਦੀ ਨਹੀਂ। ਇਹ ਸਿਰਫ਼ ਇਮਾਨਦਾਰੀ ਨਹੀਂ ਹੈ ਜਿਹੜਾ ਕਿ ਹੋ ਸਕਦਾ ਹੈ ਕਿ ਕੋਈ ਕਾਰੋਬਾਰੀ ਕਾਰਣ ਕਰਕੇ ਇਮਾਨਦਾਰ ਹੋਵੇ ਪਰ ਪ੍ਰਭੂ ਲਈ ਉਸ ਦਾ ਕੋਈ ਸਮਰਪਣ ਨਾ ਹੋਵੇ। ਨਿਆਂ ਦੇ ਦਿਨ ਕੁਝ ਲੋਕ ਪ੍ਰਭੂ ਦੇ ਨਾਲ ਬਹਿਸ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ ਕਿਉਂਕਿ ਉਹ ਆਪਣੇ ਝੂਠੇ ਵਿਸ਼ਵਾਸਾਂ ਵਿਚ ਗੰਭੀਰ ਸਨ ਜਿਹੜੇ ਉਨ੍ਹਾਂ ਨੂੰ ਖ਼ੁਦਾ ਦੀ ਇੱਛਾ

ਨੂੰ ਨਾ ਮੰਨਣ ਦਾ ਕਾਰਣ ਬਣਨਗੇ ਤਦ ਉਹ ਉਨ੍ਹਾਂ ਨੂੰ ਕਹਿ ਦਵੇਗਾ, ''ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ'' (ਮੱਤੀ 7:21–23)।

ਮਸੀਹੀ ਲੋਕਾਂ ਲਈ ਖ਼ੁਦਾ ਨਾਲ ਹਿੱਸੇਦਾਰੀ ਵਿਚ ਅਤੇ ਸਾਵਧਾਨੀ ਨਾਲ ਦਿੱਤੇ ਗਏ ਬਾਈਬਲ ਅਧਿਐਨ ਵਿਚ ਖ਼ੁਦਾ ਅਤੇ ਮਸੀਹ ਦੇ ਪ੍ਰੇਮ ਵਿਚ ਬਣੇ ਰਹਿ ਕੇ ਆਪਣੇ ਦਿਲਾਂ ਵਿਚ ਵਾਪਸੀ ਕਰਨਾ ਜ਼ਰੂਰੀ ਹੈ। ਸਾਨੂੰ ਆਪਣੇ ਸੁਭਾਅ ਨੂੰ ਕਾਬੂ ਵਿਚ ਰੱਖਣਾ ਬੰਦਗੀ ਦੀ ਸੇਵਾ ਵਿਚ ਲਗਾਤਾਰ ਬਣੇ ਰਹਿਣਾ ਚਾਹੀਦਾ ਹੈ। ਸਾਨੂੰ ਅੰਦਰਲੇ ਮਨੁੱਖ ਨਾਲ ਜੁੜੇ ਫ਼ਰਜਾਂ ਵਿਚ ਬਣੇ ਰਹਿਣਾ ਜ਼ਰੂਰੀ ਹੈ। ਪਰ ਜਨਤਕ ਮਾਮਲਿਆਂ ਵਿਚ ਵੀ ਬਣੇ ਰਹਿਣਾ ਜ਼ਰੂਰੀ ਹੈ। ਸਾਨੂੰ ਦੁਨਿਆਵੀਪੁਣੇ, ਬੇਇਖ਼ਲਾਕ ਅਤੇ ਬੇਈਮਾਨੀ ਤੋਂ ਬਚਣਾ ਸਿਖਾਇਆ ਗਿਆ ਹੈ। ਜਿਵੇਂ ਲੰਮਾ ਅਤੇ ਛੋਟਾ ਮਨੁੱਖ ਨਹੀਂ ਹੋ ਸਕਦਾ ਓਸੇ ਤਰ੍ਹਾਂ ਦੁਨਿਆਵੀ ਮਸੀਹੀ ਵਰਗੀ ਕੋਈ ਗੱਲ ਨਹੀਂ ਹੋ ਸਕਦੀ। ਕੋਈ ''ਗੁੱਝਾ ਚੇਲਾ'' ਹੋ ਸਕਦਾ ਹੈ ਜਿਵੇਂ ਅਰਿਮਥੇਆ ਦਾ ਯੂਸਫ਼ ਸੀ (ਯੂਹੰਨਾ 19:38), ਪਰ ਉਹ ਗੁੱਝਾ ਹੋਣਾ ਜ਼ਿਆਦਾ ਦੇਰ ਤਕ ਨਹੀਂ ਹੋ ਸਕਦਾ।

ਸਾਡਾ ਬਣੇ ਰਹਿਣਾ ਤਦ ਤਕ ਹੋਣਾ ਜ਼ਰੂਰੀ ਹੈ ਜਿਸ ਨੂੰ ''ਅੱਜ'' ਆਖਿਆ ਗਿਆ ਹੈ (ਆਇਤ 13), ਜਿਸ ਦਾ ਅਰਥ ਇਹ ਹੈ ਕਿ ਜਦੋਂ ਤਕ ਜੀਉਂਦੇ ਰਹੀਏ (**ਅੰਤ ਤੋੜੀ;** ਆਇਤ 14)। ਖ਼ੁਦਾ ਦੀ ਕਿਰਪਾ ਲਈ ਦਰਵਾਜ਼ਾ ਸਿਰਫ਼ ਉੱਥੋਂ ਤਕ ਖੁੱਲ੍ਹਿਆ ਹੈ। ਸਾਨੂੰ ਆਪਣੇ ਦਿਲਾਂ ਨੂੰ ਕਠੋਰ ਜਾਂ ਉਦਾਸੀਨ ਹੋਣ ਤੋਂ ਬਚਾਉਣ ਲਈ ਲਗਾਤਾਰ ਯਤਨ ਕਰਦੇ ਰਹਿਣਾ ਚਾਹੀਦਾ ਹੈ। ਉਜਾੜ ਵਿਚ ਜੋ ਕੁਝ ਇਸਰਾਏਲੀਆਂ ਦੇ ਨਾਲ ਹੋਇਆ ਉਹ ਹੋਣ ਤੋਂ ਸਾਨੂੰ ਬਚਣਾ ਜ਼ਰੂਰੀ ਹੈ (ਵੇਖੋ ਆਇਤ 16)।

**ਆਇਤਾਂ 16, 17.** ਇਬਰਾਨੀਆਂ ਦੇ ਲੇਖਕ ਮਸੀਹੀ ਲੋਕਾਂ ਨੂੰ ਦੱਸਣਾ ਚਾਹੁੰਦਾ ਹੈ ਕਿ ਅੰਤ ਤਕ ਵਿਸ਼ਵਾਸੀ ਬਣੇ ਰਹਿਣ ਦੇ ਬਗੈਰ ਕੋਈ ਖ਼ੁਦਾ ਦੇ ਕਹਿਰ ਤੋਂ ਬਚੇਗਾ ਨਹੀਂ। ਇਸ ਨੂੰ ਸਾਬਿਤ ਕਰਨ ਲਈ ਉਸ ਨੇ ਉਨ੍ਹਾਂ ਨੂੰ ਲੋਥਾਂ ਦੀ ਵੱਡੀ ਗਿਣਤੀ ਨੂੰ ਯਾਦ ਦੁਆਇਆ ਜਿਹੜੀਆਂ **ਉਜਾੜ ਵਿਚ ਪਈਆਂ ਰਹੀਆਂ**।

ਇਸਰਾਏਲੀਆਂ ਲਈ ਉਨ੍ਹਾਂ ਲਈ ਉਹ ਸਭ ਕਰਨ ਦੇ ਬਾਵਜੂਦ ਖ਼ੁਦਾ ਨੂੰ **ਗੁੱਸਾ** ਦੁਆਉਣਾ ਕਿੰਨਾਂ ਭਿਆਨਕ ਸੀ! ਕਿੰਨਿਆਂ ਦਾ ਨਾਸ ਹੋਇਆ ਸ਼ਾਇਦ ਇਕ ਅਨੁਮਾਨ ਦੇ ਅਨੁਸਾਰ ਇਕ ਦਿਨ ਵਿਚ ਨੱਬੇ ਲੋਕਾਂ ਦਾ।[16]

**ਉਹ ਕਿਨ੍ਹਾਂ ਨਾਲ . . . ਗਰੰਜ ਰਿਹਾ?** ਹਮੇਸ਼ਾ ਦੇ ਵਾਂਗ ਖ਼ੁਦਾ ਉਨ੍ਹਾਂ ਤੋਂ ਦੁਖੀ ਹੋਇਆ ਜਿਹੜੇ ਪਾਪ ਕਰਦੇ ਹਨ। ਉਜਾੜ ਵਿਚ ਮਰਨ ਵਾਲੇ ਛੋਟੇ ਬੱਚੇ ਨਹੀਂ ਸਨ; ਉਨ੍ਹਾਂ ਨੂੰ ਤਾਂ ਵਾਅਦਾ ਕੀਤੇ ਹੋਏ ਦੇਸ਼ ਵਿਚ ਵੜਨ ਦੀ ਆਗਿਆ ਦਿੱਤੀ ਹੋਈ ਸੀ। ਸਗੋਂ ਖ਼ੁਦਾ ਦਾ ਗੁੱਸਾ ਸ਼ਿਕਾਇਤ ਕਰਨ ਵਾਲਿਆਂ ਅਤੇ ਉਨ੍ਹਾਂ ਬਦਕਾਰ ਲੋਕਾਂ ਉੱਤੇ ਸੀ **ਜਿਨ੍ਹਾਂ ਪਾਪ ਕੀਤਾ** ਅਤੇ ਮਾਰੇ ਗਏ (1 ਕੁਰਿੰਥੀਆਂ 10:6–13)। ਉਨ੍ਹਾਂ ਕੋਲ ਖ਼ੁਦਾ ਦੀ ਪਿਆਰ ਭਰੀ ਅਗਵਾਈ ਨੂੰ ਜਾਣਨ ਦਾ ਹਰ ਮੌਕਾ ਸੀ, ਪਰ ਉਨ੍ਹਾਂ ਨੇ ਨਹੀਂ ਜਾਣਨਾ ਸੀ। ਆਪਣੇ ਆਗਿਆ ਨਾ ਮੰਨਣ ਦੇ ਕਾਰਣ ਉਨ੍ਹਾਂ ਦੀਆਂ ''ਲੋਥਾਂ'' ਉਜਾੜ ਵਿਚ ਪਈਆਂ ਰਹੀਆਂ (ਗਿਣਤੀ 14:22–29)।

ਆਪਣੇ ਸੁਰਗੀ ਪਿਤਾ ਨੂੰ ਦੁਖੀ ਕਰਨਾ ਜਾਂ ਗੁੱਸਾ ਦੁਆਉਣਾ ਦੁੱਖ ਦੀ ਗੱਲ ਹੈ ਜਿਸ ਦੇ ਲਈ ਸਾਨੂੰ ਮਹਿੰਗੀ ਕੀਮਤ ਚੁਕਾਉਣੀ ਪੈ ਸਕਦੀ ਹੈ। ਅਸੀਂ ਵੀ ਆਪਣੇ ਪਾਪ ਨਾਲ ਪਵਿੱਤਰ ਆਤਮਾ ਨੂੰ ਦੁਖੀ ਕਰ ਸਕਦੇ ਹਾਂ (ਵੇਖੋ ਅਫ਼ਸੀਆਂ 4:30)। ਬੇਪਰਤੀਤੇ ਇਸਰਾਏਲੀ ਉਨ੍ਹਾਂ ਦਸ ਜਸੂਸਾਂ ਵਾਂਗ ਓਸੇ ਵਕਤ ਮਾਰੇ ਜਾਣ ਦੇ ਯੋਗ ਸਨ (ਗਿਣਤੀ 14:36–38), ਪਰ ਖ਼ੁਦਾ ਨੇ ਉਜਾੜ ਵਿਚ **ਚਾਲ਼ੀ ਵਰ੍ਹੇ** ਤਕ ਉਨ੍ਹਾਂ ਵਿੱਚੋਂ ਕਈਆਂ ਨੂੰ ਕੁਦਰਤੀ ਮੌਤ ਮਰਨ ਦਿੱਤਾ। ਪਰ ਬਰਬਾਦੀ ਨੂੰ ਮੂਸਾ ਦੀ ਦੁਆ ਨੇ ਰੋਕਿਆ ਸੀ (ਗਿਣਤੀ 14:13–19)। ਸਾਨੂੰ ਇਸਰਾਏਲੀਆਂ ਦੀ ਵੱਡੀ ਭੁੱਲ ਤੋਂ ਸਿੱਖਿਆ ਲੈਣੀ ਪਵੇਗੀ।

**ਆਇਤਾਂ 18, 19.** ਆਇਤ 18 ਇਕ ਵਾਰ ਹੋਰ ਜ਼ਬੂਰ 95: 11 ਦੀ ਗੱਲ ਕਰਦੀ ਹੈ, ਜਿਵੇਂ 3: 11 ਵਿੱਚੋਂ ਦੁਹਰਾਇਆ ਗਿਆ ਸੀ। ਵਿਵਸਥਾਸਾਰ 1:34, 35 ਵਿਚ ਖ਼ੁਦਾ ਨੇ ਸਹੁੰ ਖਾਧੀ ਸੀ ਕਿ ਇਸਰਾਏਲੀ ਕਨਾਨ ਵਿਚ **ਵੜ ਨਾ** ਸਕਣਗੇ। ਉਹੀ ਗੱਲ ਭਾਵ ਭਰੋਸੇ ਦੇ ਨਾਲ ਨਿਹਚਾ ਦੀ ਕਮੀ ਜਿਸ ਨੇ ਇਸਰਾਏਲੀਆਂ ਨੂੰ ਕਨਾਨ ਤੋਂ ਬਾਹਰ ਰੱਖਿਆ, ਸਾਨੂੰ ਵੀ ਸੁਰਗ ਤੋਂ ਬਾਹਰ ਰੱਖ ਸਕਦਾ ਹੈ। ਮਿਸਰ ਵਿੱਚੋਂ ਨਿੱਕਲਦੇ ਅਤੇ ਉਜਾੜ ਵਿਚ ਰਹਿੰਦੇ ਸਮੇਂ ਇਸਰਾਏਲੀਆਂ ਨੇ ਜਿੰਨੇ ਵੀ ਮੋਅਜਜ਼ੇ ਅਤੇ ਵੱਡੇ ਅਨੁਭਵ ਵੇਖੇ ਸਨ ਉਹ ਯਰਦਨ ਨਦੀ ਪਾਰ ਕਰਨ ਤੋਂ ਪਹਿਲਾਂ ਮੌਤ ਦੀ ਸਜ਼ਾ ਪਾਉਣ ਤੋਂ ਰੋਕ ਨਹੀਂ ਸਕੇ। ਇਸੇ ਤਰ੍ਹਾਂ ਨਾਲ ਜੋ ਵੀ ਕੋਈ ਵੱਡਾ ‘‘ਅਨੁਭਵ’’ ਹੋਣ ਦਾ ਦਾਅਵਾ ਕਰਦਾ ਹੈ ਉਸ ਦੇ ਕੋਲ ਸੁਰਗ ਦਾ ਅਸਲੀ ਭਰੋਸਾ ਨਹੀਂ ਹੈ ਜਦ ਤਕ ਉਹ ਪ੍ਰਭੂ ਦੀ ਆਗਿਆਵਾਂ ਨੂੰ ਨਹੀਂ ਮੰਨਦਾ।

ਇਸਰਾਏਲੀਆਂ ਵਿਚ ਦੱਸੀ ਗਈ ਮੁਸ਼ਕਿਲ ਦਾ ਕਾਰਣ ਖ਼ੁਦਾ ਅਤੇ ਉਸ ਦੀ ਭਲਿਆਈ ਵਿਚ ਭਰੋਸੇ ਦੀ ਉਨ੍ਹਾਂ ਦੀ ਕਮੀ ਸੀ। ਭਰੋਸੇ ਦੀ ਕਮੀ ਜ਼ਿੰਦਗੀ ਵਿਚ ਸਾਡੀ ਜ਼ਿਆਦਾਤਰ ਮੌਜੂਦਾ ਸਮੱਸਿਆਵਾਂ ਦਾ ਕਾਰਣ ਹੈ। ‘‘ਜਦ ਕੋਈ ਮਨੁੱਖ ਖ਼ੁਦਾ ਵਿਚ ਭਰੋਸਾ ਗੁਆ ਦਿੰਦਾ ਹੈ ਤਾਂ ਉਹ ਬਿਨਾਂ ਕੰਢੇ ਵਾਲੇ ਸਮੁੰਦਰ ਉੱਤੇ ਹੈ ਜਿਹੜਾ ਬਵੰਡਰਾਂ, ਚੱਟਾਨਾਂ, ਚੋਰ–ਬਾਲੂਆਂ ਨਾਲ ਭਰਿਆ ਹੈ ਅਤੇ ਜਿੱਥੇ ਸੁਰੱਖਿਅਤ ਲੰਗਰ ਪਾਉਣ ਦਾ ਥਾਂ ਲੱਭਣਾ ਨਾਮੁਮਕਿਨ ਹੈ।’’[17] ਸਾਡੇ ਨੇੜੇ ਤੇੜੇ ਦੇ ਹੋਰ ਲੋਕ ਪਰੇਸ਼ਾਨ ਹੋ ਸਕਦੇ ਹਨ ਪਰ ਅਸੀਂ ਪੱਕੇ ਨਿਹਚਾ ਦੇ ਨਾਲ ਸ਼ਾਂਤ ਰਹਿ ਸਕਦੇ ਹਾਂ।

ਪ੍ਰਾਚੀਨ ਇਸਰਾਏਲੀਆਂ ਦੀ ਮੂਰਖਤਾ ਦੇ ਕਾਰਣ ਖ਼ੁਦਾ ਦੀ ਭਲਿਆਈ ਵਿਚ ਭਰੋਸੇ ਦੀ ਕਮੀ ਦੇ ਕਾਰਣ ਉਹ ਖ਼ੁਦਾ ਦੇ **ਅਰਾਮ** ਵਿਚ ਵੜ ਨਾ ਸਕੇ (ਆਇਤ 18)। ਉਨ੍ਹਾਂ ਲਈ ਇਸ ਦਾ ਅਰਥ ਕਨਾਨ ਨੂੰ ਕਦੇ ਨਾ ਵੇਖਣਾ ਸੀ। ਸਾਡੇ ਲਈ ਇਹ ਪ੍ਰਾਸੰਗਿਕਤਾ ਸਾਡੇ ਅੰਤਮ ਅਰਾਮ ਸੁਰਗ ਵਿਚ ਵੜ ਨਾ ਸਕਣ ਦੀ ਚਿੰਤਾ ਹੈ। ਅਸੀਂ ਖ਼ੁਦਾ ਦੇ ਵਚਨ ਦੀ ਸੰਪੂਰਣ ਸਚਿਆਈ ਤੇ ਸ਼ੱਕ ਨਾ ਕਰੀਏ। **ਅਸੀਂ ਇਹ ਵੇਖਦੇ ਹਾਂ ਜੋ** (ਆਇਤ 19) ਵਾਕ ਅੰਸ਼ ਦੀ ਵਰਤੋਂ ਕਰਨ ਵਿਚ ਸਪੱਸ਼ਟ ਹੈ ਕਿ ਲੇਖਕ ਨੇ ਮੰਨ ਲਿਆ ਕਿ ਉਸ ਦਾ ਤਰਕ ਆਪਣੇ ਆਪ ਵਿਚ ਸਪੱਸ਼ਟ ਹੈ।[18]

ਆਇਤ 18 ਵਿਚ **ਅਣਆਗਿਆਕਾਰ** ਸ਼ਬਦ ਆਇਤ 19 ਦੇ **ਬੇਪਰਤੀਤੀ ਦੇ ਕਾਰਣ** ਨਾਲ ਮਿਲਦਾ ਹੈ। ਨਵਾਂ ਨੇਮ ਆਮ ਤੌਰ ਤੇ ਆਗਿਆ ਮੰਨਣ ਨੂੰ ਨਿਹਚਾ ਦੇ ਨਾਲ ਅਤੇ ਆਗਿਆ ਨਾ ਮੰਨਣ ਨੂੰ ਅਵਿਸਵਾਸ ਦੇ ਨਾਲ ਮਿਲਾਉਂਦਾ ਹੈ। ਯੂਹੰਨਾ 3:36 ‘‘ਨਿਹਚਾ ਕਰਦਾ ਹੈ’’ ਨੂੰ ‘‘ਨਹੀਂ ਮੰਨਦਾ’’ ਦਾ ਉਲਟ ਸ਼ਬਦ ਬਣਾ ਦਿੰਦਾ ਹੈ।[19] ਅਸੀਂ ‘‘ਉਸ ਦੇ ਅਰਾਮ’’ ਵਿਚ ਪਹੁੰਚਣ ਲਈ ਆਗਿਆਕਾਰ ਹੋਣ ਅਤੇ ਨਿਹਚਾ ਨਾਲ ਭਰਨ ਦੀ ਕੋਸ਼ਿਸ਼ ਕਰਦੇ ਰਹੀਏ।

## ਪ੍ਰਾਸੰਗਿਕਤਾ

‘‘ਸੁਰਗੀ ਸੱਦੇ’’ (3: 1)

ਸਾਨੂੰ ਸਾਡਾ ਸੱਦਾ ਇੰਜੀਲ ਦੇ ਰਾਹੀਂ ਮਿਲਿਆ ਅਤੇ ਇਸ ਨਾਲ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਮਿਲਦੀ ਹੈ (2 ਥੱਸਲੁਨੀਕੀਆਂ 2: 13, 14)। ਮੂਸਾ ਨੂੰ ਇਕ ਝਾੜੀ ਵਿੱਚੋਂ ਖ਼ੁਦਾ ਦੇ ਵੱਲੋਂ ਸੱਦਾ ਮਿਲਿਆ ਸੀ (ਕੂਚ 3: 1–6), ਪਰ ਅਸੀਂ ਅਜਿਹੇ ਸੱਦੇ ਦੀ ਉਮੀਦ ਨਾ ਕਰੀਏ। ਪਵਿੱਤਰ ਲਿਖਤ ਦੇ ਪੂਰਾ ਹੋ ਜਾਣ ਦੇ ਨਾਲ ਮੋਅਜਜ਼ਿਆਂ ਦੇ ਰਾਹੀਂ ਮੁਕਾਸ਼ਫ਼ੇ ਦਿੱਤੇ ਜਾਣ ਦਾ ਇਹ ਯੁੱਗ ਖ਼ਤਮ ਹੋ ਗਿਆ। ਬਾਈਬਲ ਪੂਰੀ ਤਰ੍ਹਾਂ ਨਾਲ ਸਾਡੀਆਂ ਲੋੜਾਂ ਦੀ ਪੂਰਤੀ ਕਰਦੀ ਹੈ ਅਤੇ ਪ੍ਰਚਾਰ ਕਰਨ ਦੇ ਕੰਮ ਦੇ ਹਰ ਢੰਗ ਵਿਚ ‘‘ਪਰਮੇਸ਼ੁਰ ਦੇ ਜਨ’’ ਨੂੰ ਤਿਆਰ ਕਰਦੀ ਹੈ (2 ਤਿਮੋਥਿਉਸ 3: 16, 17)।

ਖੁਸ਼ਖਬਰੀ ਦੇ ਰਾਹੀਂ ਹੀ ਸਾਨੂੰ ਸੁਣਨ, ਧਿਆਨ ਦੇਣ ਅਤੇ ਆਗਿਆ ਮੰਨਣ ਨਾਲ ਨਿਹਚਾ ਦੇ ਰਾਹੀਂ ਮੁਕਤੀ ਮਿਲਦੀ ਹੈ (ਰੋਮੀਆਂ 10: 17)। ‘‘ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਜੋਗ

ਚਾਲ ਚੱਲੋ'' (ਅਫ਼ਸੀਆਂ 4: 1)। ਜਿਹੜਾ ਮਨੁੱਖ ਇੰਜੀਲ ਦੇ ਅਨੁਸਾਰ ਨਹੀਂ ਚੱਲ ਪਾਉਂਦਾ ਉਹ ''ਅਜੋਗ'' ਢੰਗ ਨਾਲ ਚੱਲ ਰਿਹਾ ਹੈ। ਖੁਸ਼ਖਬਰੀ ਸੁਰਗ ਵਿੱਚੋਂ ਸਾਡੇ ਪ੍ਰਭੂ ਵੱਲੋਂ ਮਿਲੀ ਅਤੇ ਉਸ ਅਰਥ ਵਿਚ ਸਾਨੂੰ ''ਸੁਰਗੀ ਸੱਦਾ'' ਮਿਲਿਆ ਹੈ। ਪਰ ਅੱਜ ਕਿਸੇ ਨੂੰ ਵੀ ਆਤਮਾ, ਪਿਤਾ ਜਾਂ ਯਿਸੂ ਵੱਲੋਂ ਸਿੱਧਾ ਸੱਦਾ ਨਹੀਂ ਮਿਲਦਾ ਹੈ। ਜਿੰਨੀਆਂ ਵੀ ਚਿਤਾਵਨੀਆਂ ਅਤੇ ਸਿੱਖਿਆਵਾਂ ਦੀ ਸਾਨੂੰ ਲੋੜ ਹੈ ਉਹ ਸਭ ਪਵਿੱਤਰ ਲਿਖਤ ਵਿਚ ਹਨ ਅਤੇ ਸਾਨੂੰ ਉਨ੍ਹਾਂ ਨੂੰ ਸੁਣਾਉਣਾ ਜ਼ਰੂਰੀ ਹੈ। ਵਚਨ ਦੀ ਗੱਲ ਤੇ ਧਿਆਨ ਨਾ ਦੇਣ ਦਾ ਅਰਥ ਖ਼ੁਦਾ ਦੇ ਸੱਦੇ ਤੋਂ ਕੰਨ ਫੇਰ ਲੈਣਾ ਹੈ।

**ਮਰਨ ਤੋੜੀ ਵਫ਼ਾਦਾਰ (3: 1)**

ਮਸੀਹੀ ਲੋਕਾਂ ਦੇ ਸਤਾਅ ਦੇ ਦਿਨਾਂ ਵਿਚ ਰੋਮੀ ਰਾਜ ਵਿਚ ਉਨ੍ਹਾਂ ਨੂੰ ਸਿਰਫ਼ *Kurios Kaisar* (''ਪ੍ਰਭੂ ਕੈਸਰ'') ਮੰਨ ਲੈਣ ਤੇ ਛੱਡ ਦਿੱਤੇ ਜਾਣ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਇਕ ਕਾਫ਼ਰ ਪੁਰੋਹਤ ਗੱਡੀ ਦੇ ਨਾਲ ਚੱਲਦੇ ਚੱਲਦੇ ਕੁਝ ਲੋਕਾਂ ਨੂੰ ਮੌਤ ਵੱਲ ਖਿੱਚਦੇ ਹੋਏ ਕਹਿੰਦਾ, ''ਧੂਪ ਦੀ ਸਿਰਫ਼ ਇਕ ਚੂੰਡੀ ਲੈ ਲਵੋ ਅਤੇ ਕੈਸਰ ਨੂੰ ਪ੍ਰਭੂ ਮੰਨ ਕੇ ਉਸ ਦੀ ਭਗਤੀ ਕਰਨ ਦੀ ਸਹੁੰ ਚੁੱਕ ਲਵੋ ਤਾਂ ਤੁਹਾਨੂੰ ਛੱਡਿਆ ਜਾ ਸਕਦਾ ਹੈ।'' ਜ਼ਿਆਦਾਤਰ ਲੋਕਾਂ ਦਾ ਜਵਾਬ ਹੁੰਦਾ ਸੀ, ''*Kurios Christos [* 'ਪ੍ਰਭੂ ਮਸੀਹ' *]*।'' ਇਸ ਛੋਟੀ ਜਿਹੀ ਗੱਲ ਲੱਗਣ ਦੇ ਅੱਗੇ ਹਾਰ ਮੰਨ ਲੈਣ ਦੀ ਪਰੀਖਿਆ ਬਹੁਤ ਵੱਡੀ ਹੁੰਦੀ ਹੋਵੇਗੀ। ਕੋਈ ਤਰਕ ਦੇ ਸਕਦਾ ਹੈ ''ਮੈਂ ਆਪਣੇ ਮਨ ਵਿਚ ਤਾਂ ਇਹੀ ਨਿਹਚਾ ਕਰਦਾ ਹਾਂ ਕਿ ਪ੍ਰਭੂ ਯਿਸੂ ਹੀ ਸਿਰਫ਼ ਮੇਰਾ 'ਆਗੂ' ਹੈ ਭਾਵੇਂ ਮੈਂ ਮੂੰਹ ਤੋਂ ਕੈਸਰ ਨੂੰ ਮੰਨ ਵੀ ਲਵਾਂ।'' ਇਸ ਦੇ ਉਲਟ ਬਾਹਰੀ ਰੂਪ ਵਿਚ ਮੰਨ ਲੈਣਾ ਅਤੇ ਜਿਹੜਾ ਮਨ ਦੇ ਅੰਦਰ ਹੈ ਉਹ ਵਿਸਵਾਸ ਦੇ ਨਾਲ ਜਾਂ ਅਸਲੀ ਹੋਣ ਦੇ ਇਕਰਾਰ ਦੇ ਨਾਲ ਨਾਲ ਹੋਵੇਗਾ।

ਯਹੂਦੀ ਪਵਿੱਤਰ ਲੋਕਾਂ ਨੂੰ ਜਿਨ੍ਹਾਂ ਨੂੰ ''ਪਵਿੱਤਰ ਭਰਾਵੋ'' ਕਹਿ ਕੇ ਸਮਝਾਇਆ, ਦੇ ਸਾਹਮਣੇ ਯਹੂਦੀ ਮਤ ਵਿਚ ਪਰਤ ਜਾਣ ਦੇ ਐਨੇ ਹੀ ਵੱਡੇ ਦਬਾਅ ਸਨ। ਉਨ੍ਹਾਂ ਨੂੰ ਇਸੇ ਤਰ੍ਹਾਂ ਦੀ ਚੋਣ ਦਿੱਤੀ ਜਾਂਦੀ ਹੋਵੇਗੀ। ਘੱਟ ਤੋਂ ਘੱਟ ਉਨ੍ਹਾਂ ਨੇ ਇਸ ਗੱਲ ਨੂੰ ਤਾਂ ਮੰਨਿਆ ਹੋਵੇਗਾ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਖ਼ਤਰੇ ਵਿਚ ਹੋ ਸਕਦੀਆਂ ਹਨ। ਲੇਖਕ ਨੇ ਉਨ੍ਹਾਂ ਨੂੰ ਯਾਦ ਦੁਆਇਆ ਕਿ ਯਿਸੂ, ''ਪਰਧਾਨ ਜਾਜਕ ਵੱਲ ਧਿਆਨ ਕਰੋ'' ਜਿਹੜਾ ਕੁਝ ਸੀ ਉਸ ਨੂੰ ਮੰਨਣ ਲਈ ਮਰ ਗਿਆ ਸੀ। ਯਕੀਨਨ ਹੀ ਇਸ ਨਾਲ ਉਨ੍ਹਾਂ ਨੂੰ ਉਸ ਦੇ ਨਮੂਨੇ ਨੂੰ, ਲੋੜ ਪੈਣ ਤੇ ਮੌਤ ਤਕ ਮੰਨਦੇ ਰਹਿਣ ਲਈ ਉਤਸਾਹ ਮਿਲਿਆ ਹੋਣਾ ਚਾਹੀਦਾ ਹੈ।

ਸਚਿਆਈ ਇਹ ਹੈ ਕਿ ਜੇ ਉਹ ਮਸੀਹ ਦੇ ਵਫ਼ਾਦਾਰ ਨਾ ਰਹਿੰਦੇ ਤਾਂ ਉਨ੍ਹਾਂ ਨੂੰ ਮੌਤ ਦਾ ਦੁੱਖ ਪਾਉਣ ਦੇ ਉਸ ਨਾਲੋਂ ਵੀ ਵੱਡੇ ਖ਼ਤਰੇ ਵਿਚ ਹੋਣਾ ਸੀ! ਯਿਸੂ ਨੇ ਛੇਤੀ ਹੀ ਹੋਣ ਵਾਲੀਆਂ ਘੱਟਨਾਵਾਂ ਦੀ ਨਬੂਵਤ ਕੀਤੀ ਸੀ। ਮੱਤੀ 24, ਮਰਕੁਸ 13, ਲੂਕਾ 21 ਅਤੇ ਨਿਸ਼ਾਨ 66 ਈਸਵੀ ਵਿਚ ਬਗ਼ਾਵਤ ਸ਼ੁਰੂ ਹੋਣ ਦੇ ਬਾਅਦ ਯਰੂਸ਼ਲਮ ਦੇ ਨੇੜੇ ਰੋਮੀ ਫੌਜਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਸ਼ਰਧਾਲੂ ਯਹੂਦੀ ਇਹ ਸੋਚ ਕੇ ਕਿ ਯਰੂਸ਼ਲਮ ਵਿਚ ਫੌਜਾਂ ਦਾ ਥੋੜੀ ਦੇਰ ਦਾ ਇਕੱਠ ਖ਼ੁਦਾ ਦਾ ਉਨ੍ਹਾਂ ਨੂੰ ਛੁਟਕਾਰਾ ਦੁਆਉਣ ਦਾ ਪ੍ਰਤੀਕ ਹੈ, ਸ਼ਹਿਰ ਵਿਚ ਜਾਂ ਸ਼ਹਿਰ ਦੇ ਨੇੜੇ ਤੇੜੇ ਰਹੇ। ਵਿਸ਼ਵਾਸੀ ਮਸੀਹੀ ਲੋਕਾਂ ਨੂੰ ਪਤਾ ਸੀ ਕਿ ਗੱਲ ਇਸ ਦੇ ਉਲਟ ਹੈ। ਯਿਸੂ ਨੇ ਆਖਿਆ ਸੀ ਕਿ ''ਉਹ ਦਿਨ ਚੁਣਿਆ ਹੋਇਆਂ ਦੀ ਖ਼ਾਤਰ ਘਟਾਏ ਜਾਣਗੇ'' (ਮੱਤੀ 24:22)। ਰੋਮੀ ਹਮਲੇ ਦੇ ਰੁਕ ਜਾਣ ਨਾਲ ਉਨ੍ਹਾਂ ਨੂੰ ਸ਼ਹਿਰ ਦੇ ਨਾਸ ਹੋਣ ਤੋਂ ਪਹਿਲਾਂ ਭੱਜ ਜਾਣ ਦਾ ਮੌਕਾ ਮਿਲ ਗਿਆ ਸੀ।

ਮੌਕੇ ਆਉਂਦੇ ਜਾਂਦੇ ਰਹਿੰਦੇ ਹਨ। ਜੇ ਅਸੀਂ ਪ੍ਰਭੂ ਦੇ ਆਉਣ ਦੇ ਵਕਤ ਅਵਿਸ਼ਵਾਸੀ ਠਹਿਰਾਏ ਗਏ ਤਾਂ ਇੱਜੜ ਵਿਚ ਵੜਨ ਅਤੇ ਛੁਡਾਇਆਂ ਹੋਇਆਂ ਦੇ ਨਾਲ ਮਹਿਮਾ ਵਿਚ ਲਏ ਜਾਣ ਤੇ ਬਹੁਤ ਦੇਰ ਹੋ ਚੁੱਕੀ ਹੋਵੇਗੀ। ਮਸੀਹੀ ਲੋਕ ਜਿਹੜੇ ਯਰੂਸ਼ਲਮ ਤੋਂ ਭੱਜੇ ਸਨ ਇਹ ਯਾਦ ਦੁਆਉਣਾ ਜ਼ਰੂਰੀ ਸੀ ਕਿ ਪੁਰਾਣੇ ਪ੍ਰਬੰਧ ਵਿਚ ਜਿਹੜੀ ਵੀ ਖੂਬਸੂਰਤੀ ਸੀ ਉਸ ਦਾ ਫ਼ਲ ਮਸੀਹ ਨੂੰ ਦਿੱਤਾ ਜਾਣਾ

ਚਾਹੀਦਾ ਹੈ, ਨਾ ਕਿ ਮੂਸਾ ਨੂੰ।

**''ਆਪਣੇ ਥਾਪਣ ਵਾਲੇ''** (3:2)

''ਥਾਪਣ'' ਲਈ ਸ਼ਬਦ (*poieō*) ਦਾ ਅਰਥ ''ਬਣਾਉਣਾ'' ਹੋ ਸਕਦਾ ਹੈ। ਚੌਥੀ ਸਦੀ ਦੇ ਫ਼ਿਰਕੇ ਏਰੀਅਨਾਂ ਨੇ ਇਹ ਦਾਅਵਾ ਕਰਦੇ ਹੋਏ ਕਿ ਯਿਸੂ ਨੂੰ ''ਬਣਾਇਆ'' ਜਾਂ ''ਸਿਰਜਿਆ'' ਗਿਆ ਸੀ, ਅਨਾਦਿਕਾਲ ਤੋਂ ਪਿਤਾ ਦੇ ਨਾਲ ਨਹੀਂ ਸੀ, ਇਸ ਸ਼ਬਦ ਨੂੰ ਹਥਿਆ ਕੇ ਇਸ ਦਾ ਅਨੁਵਾਦ ''ਬਣਾਇਆ'' ਕਰ ਦਿੱਤਾ। ਇਹ ਵਧੇਰੇ ਮੂਲ ਅਨੁਵਾਦ ਲਗਦਾ ਹੈ। ਪ੍ਰਾਚੀਨ ਟੀਕਾਕਾਰਾਂ ਨੇ ਇਸ ਕਥਨ ਨੂੰ ਮਸੀਹ ਦੇ ਮਨੁੱਖੀ ਪਹਿਲੂ ਅਤੇ ਉਸ ਦੇ ਅਨਾਦਿ ਖ਼ੁਦਾ ਹੋਣ ਲਈ ਲਾਗੂ ਕੀਤਾ (ਵੇਖੋ ਯੂਹੰਨਾ 1:1–3)। ਯਿਸੂ ਨੇ ਸਭ ਵਸਤਾਂ ਦੇ ਸਿਰਜੇ ਜਾਣ ਵਿਚ ਯੋਗਦਾਨ ਦਿੱਤਾ ਸੀ (ਯੂਹੰਨਾ 1:3), ਇਸ ਕਾਰਣ ਸਾਫ਼ ਹੈ ਕਿ ਉਹ ਆਪ ਰਚਨਾ ਨਹੀਂ ਸੀ। ਇਹ ਸੋਲ੍ਹਵੀਂ ਸਦੀ ਦੇ ਫਿਲਾਸਫ਼ਰ ਸੋਸਿਨਿਉਸ ਦੀ ਸਿੱਖਿਆ ਨੂੰ ਨਕਾਰਦਾ ਹੈ, ਜਿਸ ਨੇ ਯਿਸੂ ਦੇ ਸੰਪੂਰਨ ਖ਼ੁਦਾ ਹੋਣ ਦਾ ਇਨਕਾਰ ਕੀਤਾ। ਇਹ ਏਰੀਅਨ ਸਿੱਖਿਆ ਦੇ ਵੀ ਉਲਟ ਹੈ ਕਿ ਯਿਸੂ ਨੂੰ ਸਾਜਿਆ ਗਿਆ ਸੀ ਅਤੇ ਉਹ ਹਮੇਸ਼ਾ ਤੋਂ ਪਿਤਾ ਦੇ ਅਧੀਨ ਸੀ।

ਬੇਸ਼ੱਕ ਮਸੀਹ ਦੇ ਲਈ ਦੇਹ ''ਤਿਆਰ ਕੀਤੀ ਗਈ'' ਨਹੀਂ ਤਾਂ ਉਹ ਸਾਡੇ ਪਾਪਾਂ ਲਈ ਮਰ ਨਹੀਂ ਸਕਦਾ ਸੀ (ਇਬਰਾਨੀਆਂ 10:5)। ਇਲਾਹੀ ਪੁੱਤਰ ਜੇ ਮੌਤ ਦੇ ਹੇਠਲੇ ਰੂਪ ਵਿਚ ਧਰਤੀ ਉੱਤੇ ਨਾ ਆਉਂਦਾ ਤਾਂ ਉਹ ਸਾਡੇ ਲਈ ਮਰ ਨਹੀਂ ਸਕਦਾ ਸੀ। ਇਸ ਦੇ ਕਾਰਣ ਉਹ ਸਾਡੀ ਹਰ ਪੀੜ ਅਤੇ ਦੁੱਖ ਨੂੰ ਮਹਿਸੂਸ ਕਰ ਸਕਦਾ ਹੈ ਤਾਂ ਜੋ ਸਾਨੂੰ ਪਤਾ ਚੱਲ ਸਕੇ ਕਿ ਉਹ ਸਾਡੇ ਨਾਲ ਸਾਂਝੀ ਹੈ (2:14)। ''ਓਹ ਤਾਂ ਥੋੜ੍ਹੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿਚ ਸਾਂਝੀ ਹੋਈਏ'' (12:10)।

**''ਹਰੇਕ ਘਰ ਤਾਂ ਕਿਸੇ ਨਾ ਕਿਸੇ ਦਾ ਬਣਾਇਆ ਹੋਇਆ ਹੁੰਦਾ ਹੈ''** (3:4)

''ਹਰੇਕ ਘਰ ਤਾਂ ਕਿਸੇ ਨਾ ਕਿਸੇ ਦਾ ਬਣਾਇਆ ਹੋਇਆ ਹੁੰਦਾ ਹੈ'' ਵਾਕ ਵਿਚ ਪਹਿਲੇ ਕਾਰਣ ਦਾ ਨਿਯਮ ਮਿਲਦਾ ਹੈ। ਨਾ ਤਾਂ ਇਹ ਸੰਸਾਰ ਆਪਣੇ ਆਪ ਵਜੂਦ ਵਿਚ ਆ ਸਕਦਾ ਸੀ, ਅਤੇ ਨਾ ਕੋਈ ਵਿਅਕਤੀ। ਜਿਹੜਾ ਆਦਮੀ ਇਸ ਸਿੱਖਿਆ ਨੂੰ ਮੰਨ ਲੈਂਦਾ ਹੈ ਕਿ ਮਨੁੱਖ ਸਿਰਫ਼ ਸੰਯੋਗ ਨਾਲ ਬਣਿਆ ਸੀ, ਉਸ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਿਸਾਬਦਾਨਾਂ ਦੇ ਹਿਸਾਬ ਇਹ ਵਿਖਾਉਂਦੇ ਹਨ ਕਿ ਕਿਸੇ ਵੀ ਜੀਉਂਦੇ ਤੱਤ ਦਾ ਸੰਯੋਗ ਨਾਲ ਬਿਨਾਂ ਹੋਂਦ ਦਾ ਹੋਣਾ ਨਾਮੁਮਕਿਨ ਹੈ। ਇਸ ਲਈ ਕਿਸੇ ''ਬਣਾਉਣ ਵਾਲੇ'' ਨੇ ਸਾਨੂੰ ਅਤੇ ਸੰਸਾਰ ਨੂੰ ਬਣਾਇਆ। ਕਾਰਨਲ ਯੂਨੀਵਰਸਿੱਟੀ ਦੇ ਖਗੋਲ–ਵਿਗਿਆਨੀ ਕਾਰਲ ਸੇਗਨ ਦਾ ਮੰਨਣਾ ਸੀ ਕਿ ਕਾਇਨਾਤ ਦੇ ਅੱਗੇ ਕੁਝ ਨਹੀਂ ਹੈ ਭਾਵ ਵਿਖਾਈ ਦੇਣ ਵਾਲੇ ਸੰਸਾਰ ਵਿਚ ਖ਼ੁਦਾ ਦਾ ਕੋਈ ਸਬੂਤ ਨਹੀਂ ਹੈ। ਬਹੁਤ ਸਾਰੇ ਵਿਕਾਸਵਾਦੀਆਂ ਵਾਂਗ ਇਹ ਸੋਚਦੇ ਹੋਏ ਕਿ ਮਨੁੱਖ ਸਭ ਪ੍ਰਾਣੀਆਂ ਨਾਲੋਂ ਸਮਝਦਾਰ ਅਤੇ ਬੁੱਧਵਾਨ ਹੈ, ਉਹ ਵੀ ਇਕ ਮਨੁੱਖਵਾਦੀ ਸੀ। ਉਸ ਦੇ ਵਿਸ਼ਵਾਸ ਵਾਲੇ ਹੋਰ ਲੋਕ ਇਹ ਕਲਪਨਾ ਕਰਦੇ ਹਨ ਕਿ ਸਾਡੀ ਸੂਰਜ ਪ੍ਰਣਾਲੀ ਦੇ ਬਾਹਰ ਦੇ ਜੀਵਾਂ ਵਿਚ ਵਧੇਰੇ ਸਮਝ ਹੋ ਸਕਦੀ ਹੈ। ਕਿੰਨਾਂ ਅਜੀਬ ਹੈ! ਸੇਗਨ ਨੂੰ ਆਪਣੇ ਬਾਰੇ ਵਿਚ ਸੰਸਾਰ ਦੇ ਡਿਜ਼ਾਈਨ ਅਤੇ ਆਪਣੀ ਮਨੁੱਖੀ ਦੇਹ ਵਿਚ ਵੀ ਖ਼ੁਦਾ ਮਿਲ ਸਕਦਾ ਸੀ ਜੇ ਉਸ ਨੇ ਮਨੁੱਖ ਦੇ ਅੰਦਰ ਦੀਆਂ ਜਟਿਲਤਾਵਾਂ ਨੂੰ ਵੇਖ ਲਿਆ ਹੁੰਦਾ ਜਿਹੜੀਆਂ ਸੰਯੋਗ ਨਾਲ ਨਹੀਂ ਹੋ ਸਕਦੀਆਂ ਸਨ। ਸਿਰਜਣਹਾਰ ਵਿਚ ਵਿਸ਼ਵਾਸ ਲਈ ਸਬੂਤ ਉਸ ਦੇ ਆਲੇ ਦੁਆਲੇ ਸੀ।

**''ਜੇ ਅਸੀਂ . . . ਦਿਲੇਰੀ ਅਰ ਅਭਮਾਨ ਅੰਤ ਤੋੜੀ ਫੜੀ ਰੱਖੀਏ''** (3:6)

ਜੇ ਕੋਈ ਮਨੁੱਖ ਖ਼ੁਦਾ ਦੀ ਕਿਰਪਾ ਤੋਂ ਡਿੱਗ ਜਾਏ ਤਾਂ ਭਲਾ ਉਹ ਇਸ ਗੱਲ ਨੂੰ ਸਾਬਿਤ ਕਰਦਾ ਹੈ ਕਿ ਉਸ ਦੀ ਮੁਕਤੀ ਕਦੇ ਨਹੀਂ ਹੋਈ ਸੀ? ਇਹ ਕਹਿਣਾ ਕਿ ਕਿਰਪਾ ਤੋਂ ਡਿੱਗਣ ਵਾਲਾ ਮਨੁੱਖ ਅਸਲ ਵਿਚ ਕਦੇ ਮਸੀਹ ਵਿਚ ਆਇਆ ਹੀ ਨਹੀਂ ਕਿ ਉਸ ਦੇ ਨਾਲ ਸ਼ੁਰੂ ਕਰ ਕੇ ਅਤੇ ਉਸ ਦੇ ਕੋਲ ਮੁਕਤੀ ਦਾ ਕੋਈ ਮੌਕਾ ਨਹੀਂ ਸੀ, ਦੇ ਲਈ ਕੁਝ ਖ਼ਾਸ ਮੁੱਦਿਆਂ ਦੀ ਲੋੜ ਹੈ: ਪਹਿਲੀ ਵਾਰ ਕਿ ਜਿਹੜਾ ਕਦੇ ''ਸੰਸਾਰ ਦੀ ਗੰਦਗੀ ਤੋਂ ਬਚਿਆ'' ਨਾ ਹੋਵੇ, ਜਿਵੇਂ ਪਤਰਸ ਨੇ ਸੁਝਾਅ ਦਿੱਤਾ ਫੇਰ *ਤੋਂ* ਹਾਰ ਕੇ ''ਜਿੱਤ ਨਹੀਂ ਸਕਦਾ'' (2 ਪਤਰਸ 2:20–22)। ''ਫੇਰ'' ਡਿੱਗਣਾ ਨਹੀਂ ਹੈ ਕਿਉਂਕਿ ਉਹ ਉਨ੍ਹਾਂ ਬੁਰਿਆਈਆਂ ਤੋਂ ਕਦੇ ਬਚਿਆ ਹੀ ਨਹੀਂ।''3:12 ਵਿਚ ''ਵੇਖਣਾ'' ਗੱਲ ਦੀ ਵਰਤੋਂ ਲਈ ਬੇਮਤਲਬ ਹੋ ਜਾਂਦੀ ਹੈ। ਅਜਿਹਾ ਮਨੁੱਖ ਸਿਰਫ਼ ਸੰਸਾਰ ਦੇ ਪਾਪ ਦੀ ਗੰਦਗੀ ਤੋਂ ਬਚਿਆ ''ਲੱਗਣਾ'' ਸੀ ਅਤੇ ਡਿੱਗਾ ''ਲੱਗਣਾ'' ਸੀ, ਪਰ ਪਤਰਸ ਨੇ ਆਖਿਆ ਬੱਚ ''ਗਿਆ''! ਝੂਠੀ ਮੁਕਤੀ ਤੋਂ ਕੋਈ ਸ਼ਾਂਤੀ ਨਹੀਂ ਮਿਲਣੀ ਸੀ।

''ਸੰਤਾਂ ਦੇ ਬਣੇ ਰਹਿਣ'' (''ਇਕ ਵਾਰ ਮੁਕਤੀ ਹੋ ਗਈ, ਤਾਂ ਸਦਾ ਲਈ ਮੁਕਤੀ ਹੋ ਗਈ'') ਦੀ ਸਿੱਖਿਆ ਆਇਤ 6 ਸ਼ਰਤੀਆ ਵਾਕ ਅੰਸ਼ ਨੂੰ ਗੈਰਜ਼ਰੂਰੀ ਬਣਾ ਦਿੰਦੀ ਹੈ। ਬੇਸ਼ੱਕ ਕੁਝ ਲੋਕ ਜਵਾਬ ਦਿੰਦੇ ਹਨ, ''ਸਾਡੇ ਨਵੇਂ ਜਨਮ ਦਾ ਅਨੁਭਵ ਸਾਡੀ ਮੁਕਤੀ ਦਾ ਸਬੂਤ ਹੈ।'' ਮੈਂ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਕਹਿੰਦਾ ਹਾਂ, ''ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੀ ਮੁਕਤੀ ਹੋ ਚੁੱਕੀ ਹੈ ਤਾਂ ਤੁਹਾਡੇ ਕੋਲ ਪੱਕਾ ਸਬੂਤ ਹੈ ਕਿ ਤੁਹਾਡੀ ਭਾਵਨਾ ਹੈ! ਤੁਹਾਡੇ ਕੋਲ ਸਿਰਫ਼ ਇਹੀ ਹੈ!'' ਅਸੀਂ ਹੁਣ ਆਪਣੀ ਮੁਕਤੀ ਦੇ ਪ੍ਰਤੀ ਤੱਸਲੀਬਕਸ਼ ਹੋ ਸਕਦੇ ਹਾਂ ਪਰ ਸਾਨੂੰ ਰੂਹਾਨੀ ਸਿੱਧਤਾ ਵਿਚ ਵੱਧਦੇ ਰਹਿਣਾ ਚਾਹੀਦਾ ਹੈ (2 ਪਤਰਸ 1:5–11)। ਸਦੀਵੀ ਜੀਉਣ ਦੀ ਪੂਰੀ ਅਸਲੀਅਤ ਸਾਨੂੰ ਸਿਰਫ਼ ਤਦੇ ਮਿਲਦੀ ਹੈ ''ਜੇ ਅਸੀਂ ਆਸ ਦੀ ਦਿਲੇਰੀ ਅਰ ਅਭਮਾਨ ਅੰਤ ਤੋੜੀ ਫੜੀ ਰੱਖੀਏ'' (ਆਇਤ 6)। ਇਸ ਵਿਚ ਸਾਨੂੰ ''ਸਦੀਪਕ ਜੀਵਨ ਦੀ ਆਸ'' ਹੈ (ਤੀਤੁਸ 1:2)। ਖ਼ੁਦਾ ਦੇ ਵਾਅਦਿਆਂ ਨਾਲ ਸਾਡਾ ਨਿਹਚਾ ਸਾਨੂੰ ਆਉਣ ਵਾਲੀ ਜ਼ਿੰਦਗੀ ਦਾ ਭਰੋਸਾ ਦੁਆਉਂਦਾ ਹੈ। ਲੇਖਕ ਨੂੰ ਇਸੇ ਗੱਲ ਦਾ ਡਰ ਸੀ ਕਿ ਉਸ ਦੇ ਪਾਠਕ ਉਸ ਨੂੰ ਇਨਕਾਰ ਕਰ ਦੇਣਗੇ (10:23; 6:11)। ਸਾਨੂੰ ''ਅੰਤ ਤੋੜੀ'' ਆਸ ਦੇ ਪੂਰੇ ਭਰੋਸੇ ਨੂੰ ਪਾਉਣ ਲਈ ਲੱਗੇ ਰਹਿਣਾ ਚਾਹੀਦਾ ਹੈ।

ਜਿੱਥੋਂ ਇਸ ਧਾਰਣਾ ਦੀ ਗੱਲ ਹੈ ਕਿ ''ਜੇ ਅਸੀਂ ਡਿੱਗ ਪਏ ਹਾਂ ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਅਸੀਂ ਅਸਲ ਵਿਚ ਕਦੇ ਬਦਲੇ ਹੀ ਨਹੀਂ ਸਾਂ,'' ਯੂਹੰਨਾ 15:1–6 ਵਿਖਾਉਂਦਾ ਹੈ ਕਿ ਯਿਸੂ ਨੂੰ ਅਜਿਹੀ ਕਿਸੇ ਸਿੱਖਿਆ ਦੀ ਜਾਣਕਾਰੀ ਨਹੀਂ ਸੀ। ਉਹ ਆਇਤਾਂ ''ਅੰਗੂਰ ਦੀ ਬੇਲ'' ਹੋਣ ਵਾਲੇ ਦੇ ਫ਼ਲ ਨਾ ਦੇਣ ਦੇ ਕਾਰਣ ਅਤੇ ਕੱਟੇ ਜਾਣ ਦੇ ਕਾਰਣ ਅੱਗ ਵਿਚ ਸਾੜੇ ਜਾਣ ਦੀ ਗੱਲ ਕਰਦੀ ਹੈ। ਅੰਗੂਰ ਦੀ ਬੇਲ ਵਿਚ ਹੋਣ ਦਾ ਰੂਪਕ ਕਿਸੇ ਕੰਮ ਦਾ ਨਹੀਂ ਹੈ ਜੇ ਮਨੁੱਖ ਮਸੀਹ ਵਿਚ ਨਹੀਂ ਹੈ, ਭਾਵ ਉਹ ਅਸਲ ਵਿਚ ਬਦਲਿਆ ਨਹੀਂ ਹੈ ਅਤੇ ਸਚਮੁਚ ਵਿਚ ਮਸੀਹੀ ਨਹੀਂ ਹੈ। ਇੰਜ ਮਸੀਹੀ ਮਨੁੱਖ ਜਿਹੜਾ ਨਹੀਂ ਦਿੰਦਾ ਹੈ, ਗੁਆ ਸਕਦਾ ਹੈ। ''ਬੇਦੀਨੀ ਦਾ ਖ਼ਤਰਾ ਨਾ ਨਾਮੁਮਕਿਨ ਹੋਵੇਗਾ'' ਨੂੰ ਮੰਨਣ ਵਾਲੇ ਇਹ ਦਾਅਵਾ ਕਰਨ, ''ਉਹ ਸਿਰਫ਼ ਲਗਦਾ ਸੀ ਕਿ ਅੰਗੂਰ ਦੀ ਬੇਲ ਵਿਚ ਹੈ,'' ਜੋ ਕਿ ਯੂਹੰਨਾ ਦੀ ਆਇਤਾਂ ਵਿਚ ਨਹੀਂ ਆਖਿਆ ਗਿਆ ਹੈ।

ਕੁਝ ਲੋਕ ਖ਼ੁਦਾ ਦੇ ਵਾਅਦੇ ਉੱਤੇ ਜ਼ੋਰ ਦਿੰਦੇ ਹਨ ਅਤੇ ਮਨੁੱਖ ਦੀਆਂ ਨਾਕਾਮੀਆਂ ਨੂੰ ਅਣਡਿੱਠਾ ਕਰਦੇ ਹਨ ਕਿ ਉਹ ਇੰਜ ਗੱਲ ਕਰਦੇ ਹਨ ਜਿਵੇਂ ਕੋਈ ਸ਼ਰਤ ਹੀ ਨਾ ਹੋਵੇ। ਦੂਜੇ ਪਾਸੇ ਮਨੁੱਖ ਦੀਆਂ ਕਮਜ਼ੋਰੀਆਂ ਦਾ ਇੱਥੋਂ ਤਕ ਹੋਣ ਦਾ ਜ਼ੋਰ ਦਿੰਦਾ ਹੈ ਕਿ ਉਹ ਮਸੀਹੀ ਲੋਕਾਂ ਨੂੰ ਬਚਾਏ ਰੱਖਣ ਦੀ ਕਿਸੇ ਵੀ ਇਲਾਹੀ ਸ਼ਕਤੀ ਦਾ ਲਗਭਗ ਇਨਕਾਰ ਹੀ ਕਰਦੇ ਹਨ। ਪਤਰਸ ਨੇ ਸਮਝਾਇਆ ਕਿ ਸਾਡੀ ''ਜਿਹੜਾ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ'' (1 ਪਤਰਸ 1:5)। ਉਸ ਨਿਹਚਾ ਨੂੰ

ਬਰਕਰਾਰ ਰੱਖੇ ਬਿਨਾਂ ਅਸੀਂ ਹੁਣ ਵੀ ਸਦੀਪਕ ਜੀਉਣ ਉੱਤੇ ਆਪਣੀ ਪਕੜ ਨੂੰ ਗੁਆ ਦਿੰਦੇ ਹਾਂ। ਅਸੀਂ ਮਸੀਹ ਵਿਚ ਸੁਰੱਖਿਅਤ ਤਦੇ ਹਾਂ ਜਦ ਭਰੋਸਾ ਕਰਨ ਵਾਲੇ, ਆਗਿਆ ਮੰਨਣ ਵਾਲੇ ਵਫ਼ਾਦਾਰ ਬਣੇ ਰਹਿਣ। ਯੂਹੰਨਾ 5:24 ਵਰਗੀਆਂ ਆਇਤਾਂ, ਜਿਹੜੀਆਂ ਸਾਨੂੰ ਦੱਸਦੀਆਂ ਹਨ ਕਿ ਸਾਨੂੰ ਸਦੀਪਕ ਜੀਉਣ, ਮਿਲਿਆ ਹੈ, ''ਵਿਸ਼ਵਾਸ ਕਰਨ'' ਲਈ ਇਨ੍ਹਾਂ ਯੂਨਾਨੀ ਕਾਲਾਂ ਦੀ ਵਰਤੋਂ ਕਰਦੀਆਂ ਹਨ ਜਿਹੜੀਆਂ ਮੌਜੂਦਾ, ਲਗਾਤਾਰ ਕਿਰਿਆ ਦਾ ਸੰਕੇਤ ਦਿੰਦਾ ਹੈ। ਜਦ ਤਕ ਸਾਡਾ ਵਿਸਵਾਸ ਬਣਿਆ ਰਹਿੰਦਾ ਹੈ ਤਦ ਤਕ ਅਸੀਂ ਸੁਰੱਖਿਅਤ ਰਹਿੰਦੇ ਹਾਂ। ਜਿਨ੍ਹਾਂ ਨੂੰ ਮੁਕਤੀਦਾਤੇ ਦੇ ਹੱਥਾਂ ਵਿੱਚੋਂ ਖੋਹਿਆ ਨਹੀਂ ਜਾ ਸਕਦਾ, ਉਹ, ਉਹ ਭੇਡਾਂ ਹਨ ਜਿਹੜੀਆਂ ਉਸ ਦੇ ''ਪਿੱਛੇ'' ਚੱਲਦੀਆਂ ਹਨ (ਕਿਰਿਆਸ਼ੀਲ ਸੰਕੇਤ ਵੀ ਦਿੰਦਾ ਹੈ; ਯੂਹੰਨਾ 10:27, 28)। ਸਾਨੂੰ ਰੂਹਾਨੀ ਰੂਪ ਵਿਚ ਵੱਧਣਾ ਅਤੇ 2 ਪਤਰਸ 1:5–11 ਵਾਲੇ ''ਮਸੀਹੀ ਕਿਰਪਾ'' ਨੂੰ ਜੋੜਨਾ ਜ਼ਰੂਰੀ ਹੈ। ਤਾਂ ਜੋ ਅਸੀਂ ''ਠੋਕਰ'' ਨਾ ਖਾਈਏ! ਵਚਨ ਦੇ ਵਫ਼ਾਦਾਰ ਸੇਵਕਾਂ ਦੇ ਰੂਪ ਵਿਚ ਸਾਨੂੰ ਖ਼ੁਦਾ ਦੀ ਇਲਾਹੀ ਮਦਦ ਦੇ ਨਾਲ ਨਾਲ ਨਿਹਚਾ ਵਿਚ ਬਣੇ ਰਹਿਣ ਦੀ ਮਨੁੱਖ ਦੀ ਜ਼ਿੰਮੇਵਾਰੀ ਦੀ ਸਿੱਖਿਆ ਦੇਣਾ ਵੀ ਜ਼ਰੂਰੀ ਹੈ।

''ਇਕ ਵਾਰ ਮੁਕਤੀ ਹੋ ਗਈ, ਤਾਂ ਅਸੀਂ ਕਦੇ ਡਿੱਗ ਨਹੀਂ ਸਕਦੇ'' ਦੀ ਸਿੱਖਿਆ ਦੇਣ ਵਾਲੇ ਲੋਕ ਪਵਿੱਤਰ ਲਿਖਤ ਦੀਆਂ ਸਾਫ਼ ਸਾਫ਼ ਗੱਲਾਂ ਨੂੰ ਨਕਾਰਨ ਲੱਗਦੇ ਹਨ। ਉਦਾਹਰਣ ਲਈ ਗਲਾਤੀਆਂ 5:4 ਕਹਿੰਦਾ ਹੈ ਕਿ ਕੁਝ ਲੋਕ ''ਕਿਰਪਾ ਤੋਂ ਡਿੱਗ ਗਏ'' ਸਨ। ਜਿੱਥੇ ਵੀ ਕੋਈ ਡਾਕਟ੍ਰਿਨ ਬਾਈਬਲ ਦੀ ਕਿਸੇ ਆਇਤ ਦਾ ਸਪੱਸ਼ਟ ਉਲੰਘਣ ਕਰਦੀ ਹੈ, ਉਹ ਸਹੀ ਨਹੀਂ ਹੋ ਸਕਦੀ! ਫਿਲਿੱਪ ਐਜਕੁੰਬ ਹਯੂਸ ਨੇ ਲਿਖਿਆ ਹੈ, ''ਪਰ ਇਸ ਦਾ ਅਰਥ ਇਹ ਹੈ ਕਿ ਜਿਸ ਦੇ ਨਿਹਚਾ ਦਾ ਅੰਗੀਕਾਰ ਉਸ ਦੀ ਜ਼ਿੰਦਗੀ ਦੇ ਗੁਣਾਂ ਤੋਂ ਉਲਟ ਹੈ ਉਸ ਨੂੰ ਇਹ ਵੇਖਣ ਲਈ ਕਿ ਉਹ ਮਸੀਹੀ ਹੈ ਵੀ ਜਾਂ ਨਹੀਂ ਆਪਣੇ ਆਪ ਨੂੰ ਪਰਖਣਾ ਚਾਹੀਦਾ ਹੈ [2 ਕੁਰਿੰਥੀਆਂ 13:5]।''[20] ਉਸ ਦੇ ਕਹਿਣ ਦਾ ਅਰਥ ਸੀ ਕਿ ਇਹ ਵੇਖਣ ਲਈ ਕਿ ਉਹ ਇਸ ਵਕਤ ਵਿਸਵਾਸ ਵਿਚ ਹੈ ਜਾਂ ਨਹੀਂ ਆਪਣੇ ਆਪ ਨੂੰ ਪਰਖੋ। ਪੌਲੁਸ ਨੇ ਕੁਰਿੰਥੀਆਂ ਦੇ ''ਪਵਿੱਤਰ ਲੋਕਾਂ'' ਨੂੰ ਜਿਹੜੇ ਉਸ ਦੇ ਲਿਖਣ ਦੇ ਵਕਤ ਵਿਸਵਾਸ ਵਿਚ ਸਨ (1 ਕੁਰਿੰਥੀਆਂ 1:2; 2 ਕੁਰਿੰਥੀਆਂ 1:1)। ਉਸ ਦੇ ਕਹਿਣ ਦਾ ਅਰਥ ਇਹ ਨਹੀਂ ਹੋ ਸਕਦਾ ਇਹ ਭਰਾ ਕਦੇ ਨਿਹਚਾ ਵਿਚ ਆਏ ਹੀ ਨਹੀਂ ਸਨ। ਭਲਾ ਉਨ੍ਹਾਂ ਨੂੰ ''ਪਵਿੱਤਰ ਲੋਕ'' ਦਾ ਪਵਿੱਤਰ ਨਾਂਅ ਦਿੰਦੇ ਹੋਏ ਉਸ ਨੂੰ ਕਿਸੇ ਬਾਰੇ ਜਾਂ ਸਾਰਿਆਂ ਬਾਰੇ ਕੋਈ ਗਲਤੀ ਲੱਗੀ ਸੀ? ਜੇ ਉਹ ਡਿੱਗ ਨਹੀਂ ਸਕਦੇ ਸਨ, ਤਾਂ ਉਸ ਨੇ ਉਨ੍ਹਾਂ ਨੂੰ ਇਹ ਆਗਿਆ ਕਿਉਂ ਦਿੱਤੀ, ''ਆਪਣਾ ਪਰਤਾਵਾ ਕਰੋ ਕਿ ਤੁਸੀਂ ਨਿਹਚਾ ਵਿਚ ਹੋ ਯਾ ਨਹੀਂ। ਆਪਣੇ ਆਪ ਨੂੰ ਪਰਖੋ ...'' (2 ਕੁਰਿੰਥੀਆਂ 13:5)? ਉਨ੍ਹਾਂ ਨੂੰ ਚਿਤਾਵਨੀ ਕਿਉਂ ਦਿੱਤੀ ਗਈ, ''ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ'' (1 ਕੁਰਿੰਥੀਆਂ 10:12)?

**ਆਤਮਾ ਅੱਜ ਕਿਸ ਤਰ੍ਹਾਂ ਗੱਲ ਕਰਦਾ ਹੈ (3:7-11)**

ਅਸੀਂ ਸਾਫ਼ ਵੇਖਦੇ ਹਾਂ ਕਿ ਆਤਮਾ ਆਪਣੇ ਹੀ ਵਚਨ ਦੇ ਰਾਹੀਂ ਕੰਮ ਕਰਦਾ ਹੈ। ''ਪਵਿੱਤਰ ਆਤਮਾ ਆਖਦਾ ਹੈ'' (ਆਇਤ 7) ਦਾ ਵਰਤਮਾਨ ਕਾਲ ਇਸ ਗੱਲ ਦਾ ਪਤਾ ਦਿੰਦਾ ਹੈ ਕਿ ਉਹ ਅੱਜ ਵੀ ਆਪਣੇ ਵਚਨ ਦੇ ਰਾਹੀਂ ਗੱਲ ਕਰਦਾ ਹੈ। ਵਰਤਮਾਨ ਕਾਲ ਵਿਚ ''ਅੱਜ'' ਨਾਲ ਜੁੜੀ ਤਾੜਨਾ ਵਿਚ ਜੋਰ ਨੂੰ ਜੋੜਿਆ ਜਾ ਸਕਦਾ ਹੈ।

ਆਮ ਤੌਰ ਤੇ ਇਸੇ ਤਰ੍ਹਾਂ ਹੁੰਦਾ ਹੈ ਕਿ ਕੋਈ ਇੰਜੀਲ ਨੂੰ ਸੁਣਦਾ ਹੈ ਅਤੇ ਉਸ ਨਾਲ ਬਹੁਤ ਪ੍ਰਭਾਵਿਤ ਹੁੰਦਾ ਹੈ, ਪਰ ਫਿਰ ਵੀ ਉਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ। ਉਸ ਲਈ ਜ਼ਿੰਦਗੀ ਦੇ ਅਗਲੇ ਵਰ੍ਹਿਆਂ ਵਿਚ ਇੰਜੀਲ ਨੂੰ ਮੰਨਣਾ ਹੋਰ ਵੀ ਔਖਾ ਹੋ ਜਾਂਦਾ ਹੈ। ਢੀਠ ਹੋ ਕੇ ਮਸੀਹ ਦੇ ਪ੍ਰਾਸਚਿਤ ਦੇ ਬਲੀਦਾਨ ਦੇ ਦਿੱਤੇ ਜਾਣ ਨੂੰ ਠੁਕਰਾਉਣ ਵਾਲਾ ਮਨੁੱਖ ਹੋ ਸਕਦਾ ਹੈ ਕਿ ਉਸ ਦੀ

ਜ਼ਿੰਦਗੀ ਇਕ ਦਿਨ ਅਜਿਹੀ ਸਥਿਤੀ ਵਿਚ ਪਹੁੰਚ ਜਾਏ ਜਿੱਥੋਂ ਪਰਤ ਨਾ ਸਕਦਾ ਹੋਵੇ (ਇਬਰਾਨੀਆਂ 10:26)। ਇਹ ਬੇਨਤੀ ਹੈ ਕਿ ''ਆਪਣੇ ਦਿਲਾਂ ਨੂੰ ਕਠੋਰ ਨਾ ਕਰੋ'' (ਆਇਤ 8)। ਅਸੀਂ ਇੰਜੀਲ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਮਨਾਂ ਨੂੰ ਕਠੋਰ ਕਰਦੇ ਹਾਂ। ਕੁਝ ਲੋਕ ਜਾਣ ਬੁਝ ਕੇ ਖ਼ੁਦਾ ਦੇ ਵਚਨ ਦਾ ਸਾਹਮਣਾ ਕਰਨ ਅਤੇ ਪਾਪ ਵਿਚ ਜ਼ਿੰਦਗੀ ਗੁਜ਼ਾਰਨ ਲਈ ਆਪਣੇ ਮਨਾਂ ਨੂੰ ਕਠੋਰ ਕਰਦੇ ਹੋ ਸਕਦੇ ਹਨ।

ਇੱਥੇ ਦੁਹਰਾਇਆ ਜ਼ਬੂਰ 95 ਦੀ ਪ੍ਰੇਰਣਾ ਲਿਖੇ ਜਾਣ ਦੇ ਸਮੇਂ ਦਿੱਤੀ ਗਈ ਸੀ ਅਤੇ ਆਪਣੇ ਬੇਪਰਤੀਤੇ ਪੁਰਖਿਆਂ ਵਾਂਗ ਨਾ ਰਹਿਣ ਦੀ ਕਠੋਰ ਚਿਤਾਵਨੀ ਦੇ ਰੂਪ ਵਿਚ ਇਬਰਾਨੀਆਂ ਨੂੰ ਦਿੱਤੇ ਜਾਣ ਦੇ ਸਮੇਂ ਵੀ ਇਸ ਦੀ ਪ੍ਰੇਰਣਾ ਦਿੱਤੀ ਗਈ ਸੀ। ਨਵਾਂ ਨੇਮ ਇਸ ਗੱਲ ਦਾ ਪਤਾ ਦਿੰਦਾ ਹੈ ਕਿ ਆਤਮਾ ਅੱਜ ਵੀ ਵਚਨ ਦੇ ਰਾਹੀਂ ਗੱਲ ਕਰਦਾ ਅਤੇ ਕੰਮ ਕਰਦਾ ਹੈ। ਜਦ ਕੋਈ ਪਵਿੱਤਰ ਲਿਖਤ ਵਿਚ ਲਿਖੇ ਗਏ ਆਤਮਾ ਦੇ ਸੰਦੇਸ਼ ਨੂੰ ਧਿਆਨ ਨਾਲ ਸੁਣਦਾ ਹੈ ਤਾਂ ਖ਼ੁਦਾ ਦੇ ਸੰਦੇਸ਼ ਨੂੰ ਸਮਝਣ ਲਈ ਹਰ ਜ਼ਰੂਰੀ ਮਦਦ ਉਸ ਨੂੰ ਮਿਲ ਜਾਂਦੀ ਹੈ। ਯਹੂਦੀ ਆਗੂਆਂ ਨੇ ਇਸਤੀਫ਼ਾਨ ਦੇ ਉਪਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਪਵਿੱਤਰ ਆਤਮਾ ਦਾ ਸਾਮਣਾ ਕੀਤਾ ਸੀ (ਰਸੂਲਾਂ ਦੇ ਕੰਮ 7:51)। ਪ੍ਰਕਾਸ਼ ਦੀ ਪੋਥੀ 2 ਅਤੇ 3 ਨੇ ਪਾਠਕਾਂ ਨੂੰ ''ਆਤਮਾ ਕਲੀਸੀਆਵਾਂ ਨੂੰ ਜੋ ਕਹਿੰਦਾ ਹੈ, ਉਹ ਸੁਣਨ'' ਦਾ ਹੁਕਮ ਦਿੱਤਾ। ਜਿਨ੍ਹਾਂ ਸੱਚ ਇਹ ਉਸ ਵਕਤ ਸੀ ਉਨ੍ਹਾਂ ਹੀ ਅੱਜ ਵੀ ਹੈ ਕਿ ਅਸੀਂ ਜੋ ਕੁਝ ਲਿਖਿਆ ਗਿਆ ਹੈ ਉਸ ਉੱਤੇ ਧਿਆਨ ਦਈਏ (ਪ੍ਰਕਾਸ਼ ਦੀ ਪੋਥੀ 2:7, 11, 17, 29; 3:6, 13, 22)। ਪਵਿੱਤਰ ਆਤਮਾ ਦੀ ਅਗਵਾਈ ਨਾਲ ਦਿੱਤੇ ਗਏ ਨਿਰਦੇਸ਼ ਕਲੀਸੀਆ ਦੀ ਹਰ ਪੀੜ੍ਹੀ ਲਈ ਜ਼ਰੂਰੀ ਹਨ। ਹਰ ਮੰਡਲੀ ਨੂੰ ਦਿੱਤਾ ਗਿਆ ਸੰਦੇਸ ਪ੍ਰਕਾਸ਼ ਦੀ ਪੋਥੀ ਦੇ ਨਾਲ ਖ਼ਤਾਂ ਨੂੰ ਅੱਜ ਪੜ੍ਹਨ ਵਾਲਿਆਂ ਦੇ ਨਾਲ ਨਾਲ ਉਸ ਸਮੇਂ ਦੀਆਂ ਸਭ ਕਲੀਸੀਆਵਾਂ ਦੇ ਲਾਭ ਲਈ ਸੀ।

ਪਵਿੱਤਰ ਆਤਮਾ ਆਪਣੇ ਪਰਗਟ ਕੀਤੇ ਅਤੇ ਲਿਖਿਤ ਵਚਨ ਵਿਚ ਗੱਲ ਕਰਦਾ ਹੈ ਜਿਸ ਨੂੰ ਅਸੀਂ ਅੱਜ ਵੀ ਸੁਣ, ਸਮਝ ਅਤੇ ਮੰਨ ਸਕਦੇ ਹਾਂ। ਜੇ ਅਸੀਂ ਸਚਿਆਈ ਨੂੰ ਜਾਣਨ ਦੇ ਇੱਛੁਕ ਹਾਂ ਤਾਂ ਸਾਨੂੰ ਇੰਜ ਕਰਨ ਲਈ ਕਿਸੇ ਖ਼ਾਸ ਮਦਦ ਦੀ ਲੋੜ ਨਹੀਂ ਹੈ। ਜੇ ਅਸੀਂ ਸਮਝਦਾਰ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਭੂ ਦੀ ਇੱਛਾ ਦੀ ਸਮਝ ਮਿਲ ਜਾਵੇਗੀ (ਅਫ਼ਸੀਆਂ 5:17); ਇਹ ਸਮਝਣ ਦੀ ਆਗਿਆ ਹੈ! ਇਸ ਆਗਿਆ ਨੂੰ ਕਿ ''ਆਪਣੇ ਮਨਾਂ ਨੂੰ ਕਠੋਰ ਨਾ ਕਰੋ'' (ਆਇਤ 8), ਆਮ ਤੌਰ ਤੇ ਤੋੜਿਆ ਜਾਂਦਾ ਹੈ। ਲੋਕ ਕਹਿੰਦੇ ਹਨ, ''ਅਸੀਂ ਬਾਈਬਲ ਨੂੰ ਸਮਝ ਨਹੀਂ ਸਕਦੇ!'' ਨਹੀਂ, ਉਹ ਜਿਸ ਤਰ੍ਹਾਂ ਇਹ ਕਹਿੰਦੀ ਹੈ ਉਸ ਤਰ੍ਹਾਂ ਨਹੀਂ ਕਰਨਾ ਚਾਹੁੰਦੇ। ਜਿਸ ਕਾਰਣ ਉਹ ਇਸ ਦੇ ਅਰਥ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਜੋ ਕੁਝ ਉਹ ਸਮਝਦੇ ਹਨ, ਉਸ ਨੂੰ ਵੀ ਉਹ ਕਰਨਾ ਨਹੀਂ ਚਾਹੁੰਦੇ! ਅਗਿਆਨਤਾ, ਅਗਿਆਨਤਾ ਨੂੰ ਜਨਮ ਦਿੰਦੀ ਹੈ। ਜਦ ਅਸੀਂ ਸੁਣਨ ਤੋਂ ਇਨਕਾਰ ਕਰ ਦਿੰਦੇ ਹਾਂ ਤਾਂ ਹੌਲੀ ਹੌਲੀ ਅਸੀਂ ਕਠੋਰ ਹੋਣ ਲੱਗਦੇ ਹਾਂ ਅਤੇ ਅਖ਼ੀਰ ਵਿਚ ਅਜਿਹੀ ਹਾਲਤ ਵਿਚ ਪਹੁੰਚ ਜਾਂਦੇ ਹਾਂ ਕਿ ਸੁਣਨ ਲਈ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਫਿਰ ਬਾਈਬਲ ਤੋਂ ਬਾਹਰ ਦੀ ਗੰਦਗੀ ਨੇ ਸਚਿਆਈ ਦੀ ਤਾਜ਼ਾ ਸੁਗੰਧ ਨੂੰ ਮਾਰ ਦਿੱਤਾ।

''ਜੇ ਅੱਜ ਤੁਸੀਂ ਉਸ ਦਾ ਸ਼ਬਦ ਸੁਣੋ'' (3:7-11)

ਇਬਰਾਨੀਆਂ 3 ਵਿਚ ''ਅੱਜ'' ਉੱਤੇ ਦਿੱਤਾ ਜਾਣ ਵਾਲਾ ਜ਼ੋਰ ਦਾ ਸਾਡੇ ਪ੍ਰਵਚਨ ਵਿਚ ਬਹੁਤ ਪ੍ਰਭਾਵ ਹੋਣਾ ਚਾਹੀਦਾ ਹੈ। ਖ਼ੁਦਾ ਨੇ ਕਦੇ ਇਹ ਆਗਿਆ ਨਹੀਂ ਦਿੱਤੀ, ''ਮੇਰੀ ਇੱਛਾ ਨੂੰ ਪੂਰੀ ਕਰਨ ਲਈ ਕੱਲ ਤਕ ਰੁਕੋ।'' ਇਸ ਦੇ ਬਾਅਦ ਅੱਜ ਕੰਮ ਕਰਨ ਦੇ ਕਾਰਣਾਂ ਦੀ ਇਕ ਲਿਸਟ ਹੈ: (1) ਬਹੁਤਿਆਂ ਨੇ ਪਹਿਲਾਂ ਹੀ ਕਾਫ਼ੀ ਦੇਰ ਤਕ ਇੰਤਜ਼ਾਰ ਕੀਤਾ ਹੈ। (2) ਹੋ ਸਕਦਾ ਹੈ ਕਿ ਕੱਲ ਕਦੇ ਨਾ ਆਵੇ। (3) ਸਮੇਂ ਦੇ ਗੁਜ਼ਰ ਜਾਣ ਦੇ ਨਾਲ ਤੌਬਾ ਕਰਨਾ ਅਤੇ ਆਗਿਆ ਮੰਨਣਾ ਮੁਸ਼ਕਿਲ

ਹੁੰਦਾ ਜਾਂਦਾ ਹੈ। (4) ਖ਼ੁਦਾ ਨੇ ਹੁਣ ਹੁਕਮ ਮੰਨਣ ਦਾ ਹੁਕਮ ਦਿੱਤਾ ਹੈ (2 ਕੁਰਿੰਥੀਆਂ 6:2)। (5) ਆਗਿਆ ਮੰਨਣ ਦੀ ਕੋਈ ਵੀ ਲਾਲਸਾ ਵਕਤ ਦੇ ਨਾਲ ਘੱਟ ਜਾਵੇਗੀ। (6) ਬਾਅਦ ਵਿਚ ਕੀਤਾ ਗਿਆ ਹੁਕਮ ਮੰਨਣਾ ਹੋ ਸਕਦਾ ਹੈ ਕਿ ਐਨਾਂ ਫ਼ਾਇਦੇਮੰਦ ਨਾ ਹੋਵੇ। (7) ਆਗਿਆ ਮੰਨਣ ਦੇ ਲਈ ਹੁਣ ਤੋਂ ਵਧੀਆ ਵਕਤ ਕਦੇ ਨਹੀਂ ਹੋਵੇਗਾ।[21]

### ਬੇਪਰਤੀਤਾ ਬੁਰਾ ਮਨ (3: 12, 13)

ਬੁਰਾ ਮਨ ਬੇਪਰਤੀਤੀ ਤੋਂ ਬਣਦਾ ਹੈ ਨਾ ਕਿ ਜਿਵੇਂ ਕੁਝ ਲੋਕਾਂ ਦਾ ਕਹਿਣਾ ਹੈ ਕਿ ‘‘ਪਾਪੀ ਸੁਭਾਅ’’ ਨਾਲ। ਕਿਸੇ ਨੂੰ ਆਪਣੇ ਆਪ ਨੂੰ ਇਸ ਕਾਰਣ ਸਮਝਣਾ ਨਹੀਂ ਚਾਹੀਦਾ ਕਿ ਉਹ ਖ਼ੁਦਾ ਦੀ ਹੋਂਦ ਦੇ ਪ੍ਰਮਾਣ ਨੂੰ ਠੁਕਰਾਉਂਦਾ ਹੈ। ਇੰਜ ਉਹ ਇਸ ਲਈ ਕਰਦਾ ਹੈ ਕਿਉਂਕਿ ਉਸ ਦਾ ਮਨ ‘‘ਬੁਰਾ’’ ਹੈ ਅਤੇ ਜੇ ਉਹ ਆਪਣੇ ਮਨ ਨੂੰ ਖ਼ੁਦਾ ਵੱਲ ਨਾ ਮੋੜੇ ਤਾਂ ਉਸ ਤੋਂ ਵੀ ਬੁਰਾ ਹੋ ਜਾਂਦਾ ਹੈ। ਉਦਾਹਰਣ ਲਈ ਜਦ ਕੋਈ ਮਨੁੱਖ ਅਸ਼ਲੀਲ ਤਸਵੀਰਾਂ ਵੇਖਣ ਵਿਚ ਸਮਾਂ ਗੁਜ਼ਾਰਦਾ ਹੈ ਤਾਂ ਉਸ ਦੀ ਬੁਰੀ ਇੱਛਾਵਾਂ ਵੱਧਦੀਆਂ ਰਹਿੰਦੀਆਂ ਹਨ। ਮਨੁੱਖ ਦਾ ਮਨ ਸੁਭਾਵਿਕ ਰੂਪ ਵਿਚ ਪਾਪ ਨਾਲ ਕਠੋਰ ਹੁੰਦਾ ਰਹਿੰਦਾ ਹੈ। ਡਿੱਗਣ ਦੀ ਪਰਕਿਰਿਆ ਨੂੰ ਇੰਜ ਦੱਸਿਆ ਗਿਆ ਹੈ:

> ਆਇਤਾਂ 12 ਅਤੇ 13 ਉਸ ਪਰਕਿਰਿਆ ਦਾ ਜਿਹੜੀ ਮਨੁੱਖ ਦੇ ਅੰਦਰ ਕਿਤੇ ਹੁੰਦੀ ਹੈ ਜਦ ਆਪਸ ਵਿਚ ਸਮਝਾਉਣ ਦੀ ਨਿਰੰਤਰ ਮਜ਼ਬੂਤੀ ਨਹੀਂ ਹੁੰਦੀ–ਉਹ ਪ੍ਰਕਿਰਿਆ ਜਿਹੜੀ ਸ਼ੁਰੂ ਵਿਚ ਕਿਸੇ ਵੀ ਵੇਖਣ ਵਾਲੇ ਲਈ ਅਦਿੱਖ ਹੁੰਦੀ ਹੈ। ਆਪਣੀ ਬੇਪਰਤੀਤੀ ਦੇ ਬੀਜ ਨੂੰ ਫੁੱਟਣ ਦਿੱਤਾ ਜਾਂਦਾ ਹੈ, ਫਿਰ ਬੁਰਿਆਈ ਅਤੇ ਖ਼ੁਦਾ ਨੂੰ ਨਜ਼ਰਅੰਦਾਜ਼ ਕਰਨ ਵਾਲੇ ਵਿਚਾਰ ਫੈਲਣ ਲੱਗਦੇ ਹਨ। ਹੌਲੀ ਹੌਲੀ ਇਹ ਪੂਰੇ ਵਿਹਾਰ ਉੱਤੇ ਕਾਬੂ ਪਾ ਲੈਂਦੇ ਹਨ, ਜਦ ਤਕ ਕਿ ਪੂਰਾ ਚਰਿੱਤਰ ਬਦਲ ਨਹੀਂ ਜਾਂਦਾ ...। ਖ਼ੁਦਾ ਨੂੰ ਉਸ ਦਾ ਮੁੱਖ ਉੱਤਰ ਹੁੰਦਾ ਹੈ **ਨਹੀਂ**। ਹੁਣ ਅਧੀਨਤਾ ਵਿਚ ਹਾਂ ਨਹੀਂ ਰਿਹਾ ਜਿਹੜਾ ਉਸ ਨੇ ਬਪਤਿਸਮੇ ਵੇਲੇ ਮੰਨਿਆ ਸੀ।[22]

ਅਹਿਮੀਅਤ ‘‘ਦੂਰ’’ ਚਲੇ ਜਾਣਾ (*aphistēmi*) ਹੁੰਦਾ ਹੈ ਜਿਸ ਦਾ ਅਰਥ ਜੀਉਂਦੇ ਖ਼ੁਦਾ ਤੋਂ ਦੂਰ ਜਾਣ ਲਈ ਜਾਣ ਬੁੱਝ ਕੇ ਕੀਤਾ ਗਿਆ ਇਰਾਦਾ ਹੈ। ਇਹ ਬੇਦੀਨੀ ਦਾ ਇਕ ਕਾਰਜ ਹੈ ਜਿਸ ਵਿਚ ਉਸ ਨਾਲ ਜਿਸ ਮਨੁੱਖ ਨੇ ਕਿਸੇ ਸਮੇਂ ਫੜਿਆ ਸੀ ਦੂਰ ਹਟਣ ਦਾ ਨਿੱਜੀ ਕੰਮ ਸ਼ਾਮਿਲ ਹੈ। ਇਹ ਵਾਪਸ ਨਾ ਆਉਣ ਦੇ ਇਰਾਦੇ ਨਾਲ ਖ਼ੁਦਾ ਅਤੇ ਮਸੀਹ ਦੇ ਵਿਰੁੱਧ ਬਗ਼ਾਵਤ ਹੈ।

ਦੂਰ ਜਾਣ ਦੇ ਖ਼ਤਰੇ ਵਾਲੇ ਲੋਕਾਂ ਨੂੰ ਸਾਥੀ ਮਸੀਹੀ ਲੋਕਾਂ ਵੱਲੋਂ ਹਰ ਦਿਨ ਉਤਸਾਹਿਤ ਕੀਤਾ ਜਾਣਾ ਜ਼ਰੂਰੀ ਹੈ (ਆਇਤ 13)। ਕਲੀਸੀਆ ਵਿਚ ਅੱਜ ਇਹ ਪਹਿਲਾਂ ਤੋਂ ਕਿਤੇ ਵੱਧ ਲੋੜ ਹੈ। ਸੰਸਾਰ ਦੇ ਲਾਲਚ ਮਨਾਂ ਨੂੰ ਭਰਮਾਉਂਦੇ ਹਨ ਅਤੇ ਦਿਲਾਂ ਨੂੰ ਕਠੋਰ ਕਰ ਦਿੰਦੇ ਹਨ ਜਦ ਤਕ ਕਿਸੇ ਸਮੇਂ ਜੁੜੇ ਹੋਏ ਲੋਕਾਂ ਨੂੰ ਇਹ ਨਹੀਂ ਲਗਦਾ ਕਿ ਉਹ ਉਨ੍ਹਾਂ ਨੂੰ ਕਲੀਸੀਆ ਜਾਂ ਮਸੀਹ ਦੀ ਲੋੜ ਨਹੀਂ ਹੈ। ਇਸ ਤੋਂ ਪ੍ਰਭਾਵਿਤ ਹੋਏ ਲੋਕ ਇਹ ਸਾਫ਼ ਸਾਫ਼ ਵੇਖ ਨਹੀਂ ਸਕਦੇ, ਕਿਉਂਕਿ ਇਹ ਜ਼ਿੰਦ ਵੇਖਣ ਵਾਲੀ ਨਾੜੀ ਦੇ ਕਟੇ ਜਾਣ ਵਰਗਾ ਹੈ।[23] ਸਾਨੂੰ ਲਗ ਸਕਦਾ ਹੈ ਕਿ ਸਾਨੂੰ ਸੰਗਤੀ ਨਾਲ ਉਤਸਾਹਿਤ ਕੀਤੇ ਜਾਣ ਦੀ ਲੋੜ ਨਹੀਂ ਹੈ। ਪਰ ਮਨ ਇਸ ਨੂੰ ਚਾਹੁੰਦਾ ਹੈ।

### ਹਰ ਦਿਨ ਸਮਝਾਉਂਦੇ ਰਹਿਣਾ (3: 13)

ਜਿਹੜਾ ਮਨੁੱਖ ਸਥਾਨਕ ਮੰਡਲੀ ਨਾਲ ਸਬੰਧਾਂ ਦੇ ਬਿਨਾਂ ਇਕੱਲਾ ਮਸੀਹੀ ਬਣਨਾ ਚਾਹੁੰਦਾ ਹੈ, ਇਬਰਾਨੀਆਂ ਦੀ ਕਿਤਾਬ ਵਿਚ ਉਸ ਦੇ ਵਿਚਾਰ ਲਈ ਕੋਈ ਹਮਾਇਤ ਨਹੀਂ ਹੈ। ਦੇਹ ਦੇ ਸਾਥੀ ਅੰਗਾਂ ਵੱਲੋਂ ਮਿਲਣ ਵਾਲਾ ਉਤਸਾਹ ਕਿਸੇ ਵੀ ਹੋਰ ਮਦਦ ਨਾਲੋਂ ਵਧ ਕੇ ਹੈ। ਅਸੀਂ ਜਿਹੜੇ ਸੰਤਾਂ ਨਾਲ

ਲਗਾਤਾਰ ਬੰਦਗੀ ਕਰਦੇ ਹਾਂ, ਹੋ ਸਕਦਾ ਹੈ ਕਿ ਅਸੀਂ ਵੀ ਆਪਣੀਆਂ ਜ਼ਿੰਦਗੀਆਂ ਉੱਤੇ ਦੂਜਿਆਂ ਦੇ ਪ੍ਰਭਾਵ ਨੂੰ ਸਮਝ ਨਾ ਸਕੀਏ। ਇਕੱਲਾ ਕੌਣ ਖਲੋਤਾ ਰਹਿ ਸਕਦਾ ਹੈ? ਯਿਸੂ ਨੂੰ ''*ਸਾਮੂਹਿਕ* ਬੰਦਗੀ'' ਦੇ ਮਹੱਤਵ ਦਾ ਪਤਾ ਸੀ ਅਤੇ ਉਸ ਨੇ ਇਸ ਨੂੰ ਦੇਣ ਲਈ ਕਲੀਸੀਆ ਨੂੰ ਦੇ ਦਿੱਤਾ। ਦੋਸਤਾਂ ਅਤੇ ਸਾਥੀ ਮਸੀਹੀ ਲੋਕਾਂ ਵੱਲੋਂ ਲਗਾਤਾਰ ਅਤੇ ਨਿਰੰਤਰ ਸਮਝਾਉਂਦੇ ਰਹਿਣ ਦੇ ਬਿਨਾਂ ਅਸੀਂ ''ਪਾਪ ਦੇ ਧੋਖੇ ਨਾਲ ਕਠੋਰ'' ਹੋ ਸਕਦੇ ਹਾਂ।

''ਸਮਝਾਉਂਦੇ'' ਦੇ ਲਈ ਸ਼ਬਦ *parakaleō* ਵਿਚ ਦਿਲੇਰੀ ਦਾ ਸੰਦੇਸ਼ ਹੈ। ਇਹ ਉਸ ਉਪਦੇਸ਼ ਦਾ ਬਿਆਨ ਹੈ, ਜਿਹੜਾ ਫੌਜਾਂ ਵਿਚ ਜੋਸ਼ ਭਰਨ ਦੇ ਵਕਤ ਯੂਨਾਨੀ ਕਪਤਾਨ ਵੱਲੋਂ ਦਿੱਤਾ ਜਾਂਦਾ ਸੀ। ਇੰਜ ਜੋਸ਼ ਵਿਚ ਆਉਣ ਦੇ ਬਾਅਦ ਸਿਪਾਹੀ ਹੋਰ ਬਹਾਦਰੀ ਨਾਲ ਲੜਦੇ ਸਨ।

ਕਲੀਸੀਆ ਦੇ ਲੋਕ ਕਿੰਨੀ ਵਾਰ ਆਪਣੇ ਕਿਸੇ ਸਾਥੀ ਮੈਂਬਰ ਨੂੰ ਬਿਨਾਂ ਤਾੜਨਾ ਜਾਂ ਸਮਝਾਉਣ ਦੇ ਦੂਰ ਜਾਂਦੇ ਵੇਖਦੇ ਹਨ![24] ਸਾਨੂੰ ਹਰ ਰੋਜ਼ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਸਮਝਾਉਂਦੇ ਰਹਿਣਾ ਚਾਹੀਦਾ ਹੈ। ਖ਼ੁਦਾ ਦੇ ਨਾਲ ਅਸੀਂ ਸ਼ੁਰੂ ਤੋਂ ਹੀ ਅੰਤ ਨੂੰ ਵੇਖ ਸਕਦੇ ਹਾਂ; ਸਾਡੀ ਵਰਤਮਾਨ ਦੀਆਂ ਪਰੀਖਿਆਵਾਂ ਉਸ ਮਹਿਮਾ ਦੇ ਸਾਹਮਣੇ, ਜਿਹੜੀਆਂ ਸਾਨੂੰ ਮਿਲਣਗੀਆਂ ਬਹੁਤ ਛੋਟੀਆਂ ਹਨ (2 ਕੁਰਿੰਥੀਆਂ 4:16–18)। ਉਹ ਉਨ੍ਹਾਂ ਲਈ ਜਿਹੜੇ ਉਸ ਨਾਲ ਪ੍ਰੇਮ ਕਰਦੇ ਹਨ, ''ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ'' (ਰੋਮੀਆਂ 8:28)। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਹਰ ਰੋਜ਼ ਦੀ ਜ਼ਿੰਦਗੀ ਵਿਚ ਸਭ ਤੋਂ ਅਹਿਮ ਹੈ। ਸਾਨੂੰ ਵਾਰ ਵਾਰ ਉਨ੍ਹਾਂ ਨੂੰ ਯਾਦ ਨਹੀਂ ਦੁਆਇਆ ਜਾ ਸਕਦਾ। ਜਦ ਕੋਈ ਪਰਿਵਾਰ ਇਕੱਠੇ ਬੰਦਗੀ ਕਰਦਾ ਹੈ ਤਾਂ ਉਸ ਦੇ ਟੁੱਟਣ ਦੇ ਆਸਾਰ ਬਹੁਤ ਘੱਟ ਹੁੰਦੇ ਹਨ। ਜਦ ਕੋਈ ਪਿਤਾ ਆਪਣੇ ਪਰਿਵਾਰ ਨੂੰ ਬੰਦਗੀ ਵਿਚ ਕਲੀਸੀਆ ਨਾਲ ਇਕੱਠਾ ਹੋਣ ਲਈ ਲੈ ਜਾਂਦਾ ਹੈ ਤਾਂ ਬੱਚਿਆਂ ਨੂੰ ਅਪਰਾਧੀਆਂ ਦੇ ਵਾਂਗ ਅਦਾਲਤ ਵਿਚ ਲੈ ਜਾਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ।

ਸੰਸਾਰ ਵਿਚ ਸਭ ਤੋਂ ਵੱਡੀ ਸੰਗਤੀ ਦੇ ਨਾਲ ''ਖ਼ੁਦਾ ਦੇ ਵਚਨ ਤੇ ਮਨਨ ਕਰਨਾ ਜ਼ਿੰਦਗੀ ਦੀ ਜ਼ਿੰਮੇਵਾਰੀਆਂ ਨੂੰ ਨਿਹਚਾ ਨਾਲ ਚੁੱਕ ਲੈਂਦਾ ਹੈ। ਪਹਿਲੀ ਸਦੀ ਦੇ ਯਹੂਦੀ ਮਸੀਹੀ ਚੇਲੇ ਨੂੰ ਅਬਰਾਹਾਮ ਵਿਚ ਆਪਣੇ ਭਾਈਆਂ ਵਿੱਚੋਂ ਕੱਢਣਾ ਜਾਂ ਉਸ ਨੂੰ ਨਜ਼ਰਅੰਦਾਜ਼ ਕਰਕੇ ਧਮਕਾਇਆ ਜਾ ਸਕਦਾ ਹੋਵੇਗਾ ਪਰ ਉਹਦੇ ਲਈ ਪਹਿਲਾਂ ਨਿਹਚਾ ਦੀ ਥਾਂ ਜਿਹੜੀ ਉਸ ਨੂੰ ਹੁਣ ਮਿਲੀ, ਕਿਤੇ ਕੀਮਤੀ ਸੀ।

### ਮਸੀਹ ਵਿਚ ਸਾਂਝੀ (3:14)

''ਮਸੀਹ ਵਿਚ ਸਾਂਝੀ'' ਹੋਣਾ ਮਸੀਹ ਦੀ ਬਰਕਤ ਹੈ! ਆਇਤ 14 ਵਾਲੇ ਵਾਕ ਅੰਸ਼ ਦਾ ਅਨੁਵਾਦ ''ਮਸੀਹ ਦੇ ਨਾਲ'' ਹੋਵੇ ਜਾਂ ''ਮਸੀਹ ਵਿਚ'' ਜਾਂ ''ਮਸੀਹ ਦੇ'' ਇਸ ਦਾ ਕੋਈ ਮਹੱਤਵ ਨਹੀਂ ਹੈ ਕਿਉਂਕਿ ਹਰ ਸ਼ਬਦ ਵਿਚ ਇਹੀ ਦੱਸਿਆ ਗਿਆ ਹੈ ਕਿ ਅਨੰਤ ਮਹਿਮਾ ਵਿਚ ਸਾਂਝੀ ਅਸੀਂ ਸਿਰਫ਼ ਯਿਸੂ ਦੇ ਨਾਲ ਹੀ ਹੁੰਦੇ ਹਾਂ। ਇਹ ਆਇਤ ਸਾਡੇ ਪ੍ਰਭੂ ਮਸੀਹ ਦੇ ਨਾਲ ਰੂਹਾਨੀ ਏਕਤਾ ਦਾ ਸੁਝਾਅ ਦਿੰਦੀ ਹੈ। ਜਦ ਤਕ ਕੁਝ ਲੋਕ ਡਾਕਟ੍ਰਿਨ ਦੇ ਮੁੱਦੇ ਨੂੰ ਨਜ਼ਰਅੰਦਾਜ਼ ਕਰਦੇ ਹਨ ਜਾਂ ਇਕ ਸਵਾਲ ਨੂੰ ''ਮੁੱਖ ਮੁੱਦਾ'' ਜਦ ਕਿ ਦੂਜੀ ਗੱਲ ਨੂੰ ''ਗੌਣ'' ਜਾਂ ਮਹੱਤਵਹੀਨ ਬਣਾਉਣ ਦਾ ਯਤਨ ਕਰਦੇ ਹਨ, ਤਦ ਤਕ ਅਸੀਂ ''ਮਸੀਹ ਵਿਚ ਸਾਂਝੀ'' ਦੇ ਰੂਪ ਵਿਚ ਇਕ ਨਹੀਂ ਹੋ ਸਕਦੇ। ਅਜਿਹੀ ਸੋਚ ਮੁੱਖ ਤੌਰ ਤੇ ਆਪਣੇ ਆਪ ਤਕ ਹੈ ਅਤੇ ਉਸ ਦਾ ਨਤੀਜਾ ਜਿਹੜਾ ਕਿਸੇ ਨੂੰ ਪਸੰਦ ਹੁੰਦਾ ਹੈ ਉਸ ਨੂੰ ਚੁਣ ਲੈਣਾ ਅਤੇ ਜਿਹੜੀ ਖ਼ੁਦਾ ਨੇ ਮੰਗ ਕੀਤੀ ਹੋਵੇ, ਉਸ ਉੱਤੇ ਵਿਚਾਰ ਨਾਲ ਸਹੀ ਨਹੀਂ ਹੈ, ਉਸ ਨੂੰ ਛੱਡ ਦੇਣਾ ਹੁੰਦਾ ਹੈ।

ਅਸਲ ਵਿਚ ਏਕਤਾ ਲਈ ਸਾਨੂੰ ਪਹਿਲਾਂ ਮਸੀਹ ਵਿਚ ਉਸ ਦੇ ਆਪਣੇ ਠਹਿਰਾਏ ਹੋਏ ਤਰੀਕੇ ਨਾਲ ਭਾਵ ਆਗਿਆਕਾਰੀ ਨਿਹਚਾ ਅਤੇ ਬਪਤਿਸਮੇ ਰਾਹੀਂ ਆਉਣਾ ਜ਼ਰੂਰੀ ਹੈ (ਗਲਾਤੀਆਂ 3:26,

27)। ਜੇ ਅਸੀਂ ਨਿਹਚਾ ਦੀ ਇਸ ਬੁਨਿਆਦੀ ਗੱਲ ਨੂੰ ਮੰਨ ਲੈਂਦੇ ਹਾਂ ਤਾਂ ਇਸ ਨੂੰ ਫੜੀ ਰੱਖਦੇ ਹਾਂ ਤਾਂ ਅਸੀਂ ਆਪਣੇ ਮੁਕਤੀਦਾਤੇ ਅਤੇ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾਂ ਨਾਲ ਪੂਰੀ ਏਕਤਾ ਦੇ ਰਾਹ ਉੱਤੇ ਸਹੀ ਚੱਲ ਰਹੇ ਹਾਂ। ਯੂਹੰਨਾ ਨੇ ਜ਼ੋਰ ਦਿੱਤਾ ਕਿ ਜਦ ਅਸੀਂ ਚਾਨਣ ਵਿਚ ਚੱਲਦੇ ਹਾਂ ਤਾਂ ਸਾਨੂੰ ਦੂਜਿਆਂ ਨਾਲ ''ਸਾਂਝ'' ਵੀ ਰੱਖਣੀ ਚਾਹੀਦੀ ਹੈ। ਤਦੇ ਯਿਸੂ ਦਾ ਲਹੂ ਲਾਗਾਤਾਰ ਸਾਨੂੰ ਸਾਡੇ ਸਾਰਿਆਂ ਪਾਪਾਂ ਤੋਂ ਸ਼ੁੱਧ ਕਰਦਾ ਹੈ। (1 ਯੂਹੰਨਾ 1:7)। ਭਲਾ ਸ਼ੁੱਧ ਕੀਤੇ ਜਾਣ ਨਾਲ ਸਾਂਝ ਬਣੀ ਨਹੀਂ ਰਹਿੰਦੀ? ਅਸੀਂ ਆਪਣੀ ਸਾਂਝ ਨੂੰ ਚਲਾਉਂਦੇ ਹਾਂ ਪਰ ਖ਼ੁਦਾ ਆਪਣੀ ਦੇਹ ਦੀ ਮੈਂਬਰਸ਼ਿਪ ਨੂੰ ਚਲਾਉਂਦਾ ਹੈ। ਉਸ ਨੂੰ ਸਾਡੀ ਸਲਾਹ ਦੀ ਲੋੜ ਨਹੀਂ ਹੈ।

ਸਾਨੂੰ ਆਪਣੀ ਪਸੰਦ ਦੀਆਂ ਆਗਿਆਵਾਂ ਨੂੰ ਚੁਣਨ, ਦੂਜਿਆਂ ਤੇ ਦੋਸ਼ ਲਾਉਣ ਅਤੇ ਖ਼ੁਦਾ ਨੂੰ ਸੁਝਾਅ ਦੇਣ ਦੀ ਆਪਣੀ ਮਨੁੱਖੀ ਕਮੀਆਂ ਨੂੰ ਕੱਢਣਾ ਜ਼ਰੂਰੀ ਹੈ। ਸਾਡਾ ਪੱਕਾ ਭਰੋਸਾ ਮਸੀਹ ਉੱਤੇ ਅਤੇ ਉਸ ਦੀ ਸਚਿਆਈ ਉੱਤੇ ਹੋਣਾ ਚਾਹੀਦਾ ਹੈ ਸਾਨੂੰ ਅੰਤ ਤਕ ਉਸ ਵਿਚ ''ਤਕੜਾਈ ਨਾਲ ਫੜੀ'' ਰਹਿਣਾ ਚਾਹੀਦਾ ਹੈ (ਆਇਤ 14)।

### ਅਸੀਂ ਖ਼ੁਦਾ ਨੂੰ ਗੁੱਸਾ ਦੁਆ ਸਕਦੇ ਹਾਂ (3:16, 17)

''ਗੁੱਸਾ ਦੁਆਉਣਾ'' (*parapikrainō*) ਸ਼ਬਦ ਦਾ ਅਰਥ ''ਕੌੜੀ ਭਾਵਨਾਵਾਂ ਨੂੰ ਭੜਕਾਉਣਾ'' ਜਾਂ ''ਭੜਕਾਉਣਾ।'' ਹਾਂ ਅਸੀਂ ਅੰਤ ਵਿਚ ਪ੍ਰਭੂ ਦੀ ਦਯਾ ਨੂੰ ਖ਼ਤਮ ਕਰਕੇ ਆਪਣੇ ਧੀਰਜਵਾਨ ਖ਼ੁਦਾ ਨੂੰ ਭੜਕਾ ਦਿਆਂਗੇ ਜੇ ਅਸੀਂ ਉਸ ਦੇ ਵਚਨ ਤੋਂ ਦੂਰ ਹੋ ਕੇ ਆਪਣੇ ਮਨਾਂ ਨੂੰ ਕਠੋਰ ਹੋਣ ਦਿੰਦੇ ਹਾਂ। ਜਦ ਕਿਸੇ ਨੇ ਇਬਰਾਨੀਆਂ 6:4–6 ਵਿਚ ਗਿਣਵਾਈਆਂ ਸਭ ਬਰਕਤਾਂ ਪਾ ਲਈਆਂ ਹੋਣ ਅਤੇ ਉਹ ਡਿੱਗ ਪਵੇ ਤਾਂ ਉਹ ਖ਼ੁਦਾ ਦੇ ਗੁੱਸੇ ਦਾ ਹੱਕਦਾਰ ਹੈ। ਇਸਰਾਏਲੀਆਂ ਨੇ ਜਦ ਉਜਾੜ ਵਿਚ ਪਾਪ ਕੀਤਾ ਸੀ ਤਾਂ ਉਹ ਡਿੱਗ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਸੂਰਜ ਦੀ ਗਰਮੀ ਵਿਚ ਗੱਲ ਗਈਆਂ ਸਨ। ਖ਼ੁਦਾ ਚਾਲ਼ੀ ਵਰ੍ਹਿਆਂ ਤਕ ਉਨ੍ਹਾਂ ਨਾਲ ਨਰਾਜ ਰਿਹਾ ਸੀ ਅਤੇ ਉਸ ਦਾ ਗੁੱਸਾ ਬਿਲਕੁਲ ਜਾਇਜ ਸੀ। ਉਸ ਨੇ ਉਨ੍ਹਾਂ ਨੂੰ ਮਿਸਰ ਵਿੱਚੋਂ ''ਉਕਾਬ ਦੇ ਖੰਭਾਂ ਉੱਤੇ ਬਿਠਾਲ ਕੇ'' ਕੱਢਿਆ ਸੀ (ਕੂਚ 19:4)। ਉਨ੍ਹਾਂ ਲਈ ਉਹ ਪਿਤਾ ਵਾਂਗ ਸੀ ਜਿਸ ਨੇ ਉਨ੍ਹਾਂ ਨੂੰ ਰੋਟੀਆਂ ਲਈ ਮੰਨਾ, ਮਾਸ ਲਈ ਬਟੇਰ, ਚੱਟਾਨ ਤੋਂ ਪਾਣੀ ਅਤੇ ਉਸ ਵਿਚ ਵੱਡੇ ਨਿਹਚਾ ਕਰਨ ਵਾਲੇ ਦੀ ਅਗਵਾਈ ਦਿੱਤੀ। ਅਜਿਹੇ ਲੋਕਾਂ ਵੱਲੋਂ ਉਸ ਨੂੰ ਨਜ਼ਰਅੰਦਾਜ਼ ਕਰ ਦੇਣ ਤੇ ਖ਼ੁਦਾ ਉਨ੍ਹਾਂ ਤੋਂ ਨਰਾਜ਼ ਕਿਉਂ ਨਹੀਂ ਹੋਵੇਗਾ। ਉਹ ਸਚਮੁਚ ਚਾਲ਼ੀ ਵਰ੍ਹੇ ਨਰਾਜ਼ ਰਿਹਾ! ਜੇ ਅਸੀਂ ਵੇਖਦੇ ਹਾਂ ਕਿ ਅਸੀਂ ਖ਼ੁਦਾ ਨੂੰ ਗੁੱਸਾ ਦੁਆ ਰਹੇ ਹਾਂ ਤਾਂ ਆਓ ਅਸੀਂ ਆਪਣੇ ਆਪ ਨੂੰ ਪਰਖੀਏ ਅਤੇ ਛੇਤੀ ਨਾਲ ਬਦਲ ਲਈਏ।

### ਆਗਿਆ ਨਾ ਮੰਨਣ ਵਾਲਿਆਂ ਦਾ ਅਵਿਸਵਾਸ (3:18, 19)

ਆਗਿਆ ਵਿਚ ਬਣੇ ਨਾ ਰਹਿਣ ਵਾਲਿਆਂ ਨੇ ਖ਼ੁਦਾ ਦੇ ਗੁੱਸੇ ਨੂੰ ਪਾਇਆ। ਇਸਰਾਏਲੀਆਂ ਨੇ ਆਪਣੀ ਯਾਤਰਾ ਦੀ ਸ਼ੁਰੂਆਤ ਬੜੇ ਜੋਸ਼ ਨਾਲ ਕੀਤੀ ਸੀ ਪਰ ਬਾਅਦ ਵਿਚ ਉਹੀ ਖਾਣ ਨੂੰ ਮਿਲਣ ਦੇ ਕਾਰਣ ਉਹ ਮਿਸਰਿਆਂ ਵੱਲੋਂ ਉਨ੍ਹਾਂ ਉੱਤੇ ਲਿਆਈ ਜਾਣ ਵਾਲੀਆਂ ਖ਼ਤਰਨਾਕ ਬੁਰਿਆਈਆਂ ਦੀ ਫੁਟ ਅਤੇ ਉਸ ਦੇ ਉਲਟ ਇਹ ਸੋਚਣ ਲੱਗੇ ਕਿ ਭਵਿੱਖ ਵਿਚ ਉਨ੍ਹਾਂ ਦੇ ਢਿੱਡ ਕਿਵੇਂ ਭਰਦੇ ਸਨ (ਗਿਣਤੀ 11:5)। ਖ਼ੁਦਾ ਦੇ ਲੋਕਾਂ ਨੂੰ ਆਪਣੀ ਪਹਿਲਾਂ ਵਾਲੀ ਗ਼ੁਲਾਮੀ ਤੋਂ ਗੁੱਸਾ ਕਰਨ ਦੇ ਇਲਾਵਾ ਲਸਣ ਵਰਗੀਆਂ ਵਿਲਾਸੀਨਤਾ ਦੀ ਯਾਦ ਆ ਰਹੀ ਸੀ।

ਅਸੀਂ ਆਪਣੇ ਪਾਪਾਂ ਵਿਚ ਐਨਾਂ ਬੇਪਰਵਾਹ ਹੋ ਸਕਦੇ ਹਾਂ ਕਿ ਅਸੀਂ ਬਦਲਾਅ ਦਾ ਸਾਮਹਣਾ ਹੀ ਨਾ ਕਰਨਾ ਚਾਹਾਂਗੇ। ਸ਼ਾਇਦ ਸਾਡੇ ਆਸ ਪਾ ਸਕਣ ਵਾਲੇ ਲੋਕ ਸਾਡੇ ਲਈ ਤੌਬਾ ਕਰਨ ਦੀ ਪ੍ਰਭੂ ਦੀ ਆਗਿਆ ਨੂੰ ਮੰਨਣਾ ਮੁਸ਼ਕਿਲ ਬਣਾ ਦਿੰਦੇ ਹਨ। ਆਗਿਆ ਤੋੜਨ ਲਈ ਜੋ ਵੀ ਕੋਈ ਭੜਕਾਉਂਦਾ

ਹੈ ਉਸ ਉੱਤੇ ਜਿੱਤ ਪਾਉਣਾ ਜ਼ਰੂਰੀ ਹੈ ਨਹੀਂ ਤਾਂ ਖ਼ੁਦਾ ਦਾ ਗੁੱਸਾ ਸਾਡੇ ਉੱਤੇ ਪਵੇਗਾ।

ਇਬਰਾਨੀਆਂ ਦੀ ਕਿਤਾਬ ਵਿਚ ਮੁੱਖ ਵਿਚਾਰ ਆਗਿਆਪਾਲਨ ਦਾ ਹੈ। ਯਾਦ ਕਰੋ ਕਿ ਅਖ਼ੀਰਲੇ ਦਿਨਾਂ ਦਾ ਗੁੱਸਾ ਉਨ੍ਹਾਂ ਲੋਕਾਂ ਉੱਤੇ ਪਵੇਗਾ ਜਿਨ੍ਹਾਂ ਨੇ ''ਇੰਜੀਲ ਨੂੰ ਨਹੀਂ ਮੰਨਦੇ'' (2 ਥੱਸਲੁਨੀਕੀਆਂ 1:7–9)। ਇੰਜੀਲ ਦੀ ਪੇਸ਼ਕਸ਼ ਸਿਰਫ਼ ਆਗਿਆ ਮੰਨਣ ਵਾਗਲਿਆਂ ਦੇ ਲਈ ਹੈ (ਇਬਰਾਨੀਆਂ 5:8, 9)। ਇਬਰਾਨੀਆਂ ਦੀ ਕਿਤਾਬ ਵਿਚ ਬੇਪਰਤੀਤੀ ਅਤੇ ਆਗਿਆ ਨਾ ਮੰਨਣ ਨੂੰ ਬਰਾਬਰ ਦੱਸਿਆ ਗਿਆ ਹੈ, ਜਿਵੇਂ ਆਇਤਾਂ 18 ਅਤੇ 19 ਵਿਚ ਵਿਖਾਇਆ ਗਿਆ ਹੈ, ਬਿਲਕੁਲ ਉਵੇਂ ਜਿਵੇਂ ਯੂਹੰਨਾ 3:36 ਵਿਚ ਹੈ ਨਵੇਂ ਨੇਮ ਵਿਚ ਨਿਹਚਾ ਅਤੇ ਹੁਕਮ ਮੰਨਣਾ ਆਮ ਤੌਰ ਤੇ ਇਕ ਦੂਜੇ ਦੇ ਪੂਰਕ ਹਨ। ਮੁਕਤੀ ਲਈ ਨਿਹਚਾ ਯੋਗਤਾ ਜ਼ਰੂਰੀ ਹੈ! ''ਬਿਨਾਂ ਸ਼ਰਤ ਅਨੰਤ ਸੁਰੱਖਿਆ'' ਦਾ ਵਿਚਾਰ ਹੀ ਬਾਈਬਲ ਦੀ ਧਾਰਣਾ ਤੋਂ ਬਾਹਰ ਹੈ।

---

ਟਿੱਪਣੀਆਂ

[1]ਮੂਸਾ ਅਤੇ ਯਿਸੂ ਵਿਚਕਾਰ ਸਮਾਨਤਾਵਾਂ ਦੀ ਇਕ ਲੰਮੀ ਲਿਸਟ ਅਤੇ ਅੰਤਰਾਂ ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਹਿਬਰੂਜ਼,* (ਆਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਊਸ, 1971), 67–69 ਵਿਚ ਦਿੱਤੀ ਗਈ ਹੈ। [2]ਬਾਅਦ ਦੀਆਂ ਕੁਝ ਹੱਥਲਿਖਤਾਂ ਵਿਚ 1 ਥੱਸਲੁਨੀਕੀਆਂ 5:27 ਵਿਚ ''ਪਵਿੱਤਰ ਭਾਈ'' ਹੈ। KJV ਅਤੇ NKJV ਵਿਚ ਇਹ ਹੈ, ਪਰ ASV, NASB, NIV ਅਤੇ RSV ਵਿਚ ''ਪਵਿੱਤਰ'' ਨਹੀਂ ਦਿੱਤਾ ਗਿਆ ਕਿਉਂ ਜੋ ਬੇਹਤਰ ਹੱਥਲਿਖਤਾਂ ਵਿਚ ਇਹ ਨਹੀਂ ਹੈ। [3]ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 122. [4]ਫ਼ਿਲਿਪ ਐਜਕੁੰਬ ਹਿਯੂਜਸ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1977), 127. [5]ਜੇਮਸ ਥੌਂਪਸਨ, *ਦ ਲੈਟਰ ਟੂ ਦ ਹਿਬਰੂਜ਼,* ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1971), 49. [6]ਨਵੇਂ ਨੇਮ ਵਿਚ ''ਦਾਸ'' ਲਈ ਖਾਸ ਯੂਨਾਨੀ ਸ਼ਬਦ ਸਿਰਫ਼ ਇੱਥੇ ਹੀ ਵਰਤਿਆ ਗਿਆ ਹੈ, ਪਰ Θεραπον (*therapōn*) ਸ਼ਬਦ ਬਾਰ ਬਾਰ ਆਉਂਦਾ ਹੈ ਜੋ ਉਸ ਦਾ ਸੰਕੇਤ ਦਿੰਦਾ ਹੈ ਜੋ ਆਪਣੇ ਤੋਂ ਉੱਚੇਂ ਤੋਂ ਛੋਟਾ ਹੈ। [7]ਬਰੂਕ ਫ਼ੌਸ ਵੈਸਟਕੌਟ, *ਦ ਐਪਿਸਟਲ ਟੂ ਦ ਹਿਬਰੂਜ਼: ਦ ਗ੍ਰੀਕ ਟੈਕਸਟਸ ਵਿਦ ਨੋਟਸ ਐਂਡ ਐਸੇਜ਼* (ਲੰਦਨ: ਮੈਕਮਿਲਨ ਐਂਡ ਕੰ., 1889; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1973), 78. [8]ਹਿਯੂਜਸ, 139. [9]ਥੌਂਪਸਨ, 54. [10]ਥੌਮਸ ਹੇਵਿਟ, *ਦ ਐਪਿਸਟਲ ਟੂ ਦ ਹਿਬਰੂਜ਼: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1960), 82.

[11]ਰੇਮੰਡ ਬ੍ਰਾਊਨ, *ਦ ਮੈਸੇਜ ਆਫ਼ ਹਿਬਰੂਜ਼: ਕ੍ਰਾਈਸਟ ਅਬਵ ਆਲ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1982), 84. [12]ਥੌਂਪਸਨ, 55. [13]ਡੋਨਲਡ ਗੁਥਰੀ, *ਦ ਲੈਟਰ ਟੂ ਦ ਹਿਬਰੂਜ਼: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1983), 109. [14]ਥੌਂਪਸਨ, 55–56. [15]ਮੈਰਿਲ ਸੀ. ਟੈਨੀ, *ਨਿਊ ਟੈਸਟਾਮੈਂਟ ਸਰਵੇ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1961), 361. [16]ਸਾਈਮਨ ਜੇ. ਕਿਸਟਮੇਕਰ, *ਐਕਸਪੋਜ਼ਿਸ਼ਨ ਆਫ਼ ਦ ਐਪਿਸਟਲ ਟੂ ਦ ਹਿਬਰੂਜ਼,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ,

1984), 97. [17]ਐਲਬਰਟ ਬਾਰਨਸ, *ਨੋਟਸ ਆਨ ਦ ਨਿਊ ਟੈਸਟਾਮੈਂਟ: ਹਿਬਰੂਜ਼ ਟੂ ਜਿਊਡ* (ਲੰਡਨ: ਬਲੈਕੀ ਐਂਡ ਸਨ, 1884–85; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1985), 90. [18]ਗੁਥਰੀ, 110. [19]NASB, ASV, ISV ਅਤੇ NRSV ਦੀ ਸ਼ਬਦ ਰਚਨਾ ਇੱਕੋ ਜਿਹੀ ਹੈ। NIV ਵਿਚ ''ਵਿਸ਼ਵਾਸ ਕਰਦਾ'' ਅਤੇ ''ਠੁਕਰਾਉਂਦਾ'' ਹੈ। [20]ਹਿਯੂਜਸ, 139.

[21]ਕੌਫ਼ਮੈਨ, 70. [22]*ਦ ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ,* ਸੰਪਾ. ਐੱਫ਼. ਐੱਫ਼. ਬਰੂਸ, ਐੱਚ. ਐਲ. ਐਲਿਸਨ, ਅਤੇ ਜੀ. ਸੀ. ਡੀ. ਹਾਉਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1986), 1511–12 ਵਿਚ ਗੈਰਲਡ ਐੱਫ਼. ਹਾਅਥੌਰਨ, ''ਹਿਬਰੂਜ਼।''; ਹਾਅਥੌਰਨ ਦੀ ਟਿੱਪਣੀ ਜੌਹਨਾਸ ਸਨਾਈਡਰ, *ਦ ਲੈਟਰ ਟੂ ਦ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1957), 31–32 ਤੇ ਅਧਾਰਿਤ ਹੈ। [23]ਗਰੇਥ ਐੱਲ. ਰੀਸ, *ਏ ਕ੍ਰਿਟੀਕਲ ਐਂਡ ਐਕਸਜੇਟਿਕਲ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਮੋਬਰਲੀ, ਮਿਜ਼ੋਰੀ: ਸਕ੍ਰਿਪਚਰ ਐਕਸਪੋਜ਼ਿਸ਼ਨ ਬੁਕਸ, 1992), 49. [24]ਬਾਰਨਸ, 85.